**ਸਤਿਕਾਰਯੋਗ ਅਧਿਆਪਕ ਸਾਹਿਬਾਨ, ਸੱਤਵੀਂ ਜਮਾਤ ਦੇ ਲਗਭਗ ਸਾਰੇ ਪਾਠਾਂ ਦੇ ਪ੍ਰਸ਼ਨ-ਉੱਤਰ ਵਿਦਿਆਰਥੀਆਂ ਦੇ ਸਿੱਖਣ ਪੱਧਰ ਅਨੁਸਾਰ ਸੌਖੇ ਕਰਕੇ ਟਾਇਪ ਕੀਤੇ ਗਏ ਹਨ। ਇਹ ਨੌਟਸ ਜਿੱਥੇ ਵਿਦਿਆਰਥੀਆਂ ਨੂੰ ਗਾਈਡਾਂ ਵਰਤਣ ਤੋਂ ਰੋਕਣ ਵਿੱਚ ਸਹਾਇ ਹਨ ਉੱਥੇ ਹੀ ਪ੍ਰੀਖਿਆ ਦੀ ਤਿਆਰੀ ਲਈ ਵਿਦਿਆਰਥੀ ਦਾ ਆਤਮ-ਵਿਸ਼ਵਾਸ ਵਧਾਉਂਦੇ ਹਨ।**

**ਪਾਠਾਂ ਨੂੰ ਹੋਰ ਸਚੁੱਜਾ ਰੂਪ ਦੇਣ ਅਤੇ ਸੁਧਾਰ ਹਿੱਤ ਆਪ ਜੀ ਦੇ ਵਡਮੁੱਲੇ ਸੁਝਾਵਾਂ ਦਾ ਸੁਆਗਤ ਹੈ।**

**ਹਰਬੰਸ ਲਾਲ**

**ਸ.ਸ. ਮਾਸਟਰ**

**ਸਰਕਾਰੀ ਮਿਡਲ ਸਕੂਲ**

**ਗੋਰਖਨਾਥ (ਮਾਨਸਾ)**

9872975941

**harbansgargifs@gmail.com**

Harbans Gorkhnath

ਸਮਾਜਿਕ ਵਿਗਿਆਨ(ਸੱਤਵੀਂ)

## ਪਾਠ-10

## ਭਾਰਤ ਅਤੇ ਸੰਸਾਰ (ਕਦੋਂ, ਕਿੱਥੇ ਅਤੇ ਕਿਉਂ)

**ਪ੍ਰਸ਼ਨ-1. ਇਤਿਹਾਸ ਵਿੱਚ ਭਾਰਤੀ ਉਪ-ਮਹਾਂਦੀਪ ਦੇ ਕਿਹੜੇ-ਕਿਹੜੇ ਨਾਮ ਰੱਖੇ ਗਏ ?**

ਉੱਤਰ- ਹਿੰਦੁਸਤਾਨ ਅਤੇ ਭਾਰਤਵਰਸ਼ ।

**ਪ੍ਰਸ਼ਨ-2.ਇਤਿਹਾਸਕਾਰਾਂ ਨੇ ਭਾਰਤੀ ਉਪ-ਮਹਾਂਦੀਪ ਨੂੰ ਕਿੰਨੇ ਯੁੱਗਾਂ ਵਿੱਚ ਵੰਡਿਆ ਹੈ ?**

ਉੱਤਰ- ਤਿੰਨ ਯੁੱਗਾਂ ਵਿੱਚ। ਪ੍ਰਾਚੀਨ ਯੁੱਗ, ਮੱਧਕਾਲੀਨ ਯੁੱਗ ਅਤੇ ਆਧੁਨਿਕ ਯੁੱਗ ।

**ਪ੍ਰਸ਼ਨ-3. ਭਾਰਤੀ ਇਤਿਹਾਸ ਦੇ ਸ੍ਰੋਤ ਕਿੰਨੀ ਪ੍ਰਕਾਰ ਦੇ ਹਨ?**

ਉੱਤਰ- ਭਾਰਤੀ ਇਤਿਹਾਸ ਦੇ ਸ੍ਰੋਤ ਦੋ ਪ੍ਰਕਾਰ ਦੇ ਹਨ:-

1. **ਪੁਰਾਤੱਤਵ ਸ੍ਰੋਤ**-ਇਸ ਵਿੱਚ ਪ੍ਰਾਚੀਨ ਸਮਾਰਕ, ਮੰਦਰ, ਸਿੱਕੇ,ਬਰਤਨ, ਹਥਿਆਰ, ਗਹਿਣੇ,ਚਿੱਤਰ ਆਦਿ ਸ਼ਾਮਿਲ ਹਨ।

2.**ਸਾਹਿਤਿਕ ਸ੍ਰੋਤ**-ਇਸ ਵਿੱਚ ਰਾਜੇ,ਮਹਾਂਰਾਜਿਆਂ ਦੀਆਂ ਜੀਵਨੀਆਂ,ਵਿਦੇਸ਼ੀ ਯਾਤਰੀਆਂ ਦੇ ਲੇਖ ਅਤੇ ਦਸਤਾਵੇਜ਼ ਸ਼ਾਮਿਲ ਹਨ।

**ਪ੍ਰਸ਼ਨ-4. ਵਿਦੇਸ਼ੀ ਯਾਤਰੀਆਂ ਦੇ ਲੇਖ ਕਿਵੇਂ ਮਹੱਤਵਪੂਰਨ ਇਤਿਹਾਸਿਕ ਸ੍ਰੋਤ ਹਨ?**

ਉੱਤਰ-ਵਿਦੇਸ਼ੀ ਯਾਤਰੀਆਂ ਦੇ ਲੇਖਾਂ ਨਾਲ ਅਸੀਂ ਉਸ ਸਮੇਂ ਦੇ ਰਾਜਿਆਂ, ਆਮ ਲੋਕਾਂ ਅਤੇ ਵੱਖ-ਵੱਖ ਨਗਰਾਂ ਦੇ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ ।

**ਖਾਲੀ ਥਾਵਾਂ ਭਰੋ:-**

1. ਹਿੰਦੁਸਤਾਨ ਜਾਂ ਭਾਰਤਵਰਸ਼ 2. ਅੱਠਵੀਂ ਸਦੀ 3.ਤਾਇਨ ਚੂ 4. ਪੁਰਾਤੱਤਵ, ਸਾਹਿਤਕ 5. ਸੰਗੀਤਕਾਰ

**ਸਹੀ ਜਾਂ ਗਲਤ ਦਾ ਨਿਸ਼ਾਨ ਲਗਾਓ:-**

1. (√) 2. (X) 3. (√) 4. (X)

# ਪਾਠ-21 ਲੋਕਤੰਤਰ ਅਤੇ ਸਮਾਨਤਾ

**ਪ੍ਰਸ਼ਨ-1. ਲੋਕਤੰਤਰ ਸਰਕਾਰ ਤੋਂ ਕੀ ਭਾਵ ਹੈ?**

ਉੱਤਰ- ਲੋਕਤੰਤਰ ਸਰਕਾਰ ਵਿੱਚ ਲੋਕ ਖੁਦ ਆਪਣੀ ਸਰਕਾਰ ਚੁਣਦੇ ਹਨ। ਇਹ ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ ਸਰਕਾਰ ਹੁੰਦੀ ਹੈ ।

**ਪ੍ਰਸ਼ਨ-2. ਕਾਨੂੰਨ ਦੇ ਰਾਜ ਤੋਂ ਤੁਸੀਂ ਕੀ ਸਮਝਦੇ ਹੋਂ ?**

ਉੱਤਰ- ਕਾਨੂੰਨ ਦੇ ਰਾਜ ਤੋਂ ਭਾਵ ਹੈ ਕਿ ਦੇਸ਼ ਦਾ ਸ਼ਾਸ਼ਨ ਨਿਸ਼ਚਿਤ ਨਿਯਮਾਂ ਦੇ ਅਨੁਸਾਰ ਚਲਾਇਆ ਜਾਂਦਾ ਹੈ ਅਤੇ ਕਾਨੂੰਨ ਸਾਰੇ ਲੋਕਾਂ ਲਈ ਇੱਕੋ ਜਿਹਾ ਹੁੰਦਾ ਹੈ ।

**ਪ੍ਰਸ਼ਨ- 3. ਵੋਟ ਦੇ ਅਧਿਕਾਰ ਦਾ ਲੋਕਤੰਤਰ ਵਿੱਚ ਕੀ ਮਹੱਤਵ ਹੈ ?**

ਉੱਤਰ- ਲੋਕਤੰਤਰ ਵਿੱਚ ਲੋਕ ਵੋਟਾਂ ਪਾ ਕੇ ਆਪਣੀ ਸਰਕਾਰ ਚੁਣਦੇ ਹਨ । ਜੇਕਰ ਸਰਕਾਰ ਲੋਕਾਂ ਦੇ ਭਲੇ ਲਈ ਕੰਮ ਨਾ ਕਰੇ ਤਾਂ ਲੋਕ ਵੋਟਾਂ ਦੁਆਰਾ ਉਸ ਸਰਕਾਰ ਨੂੰ ਬਦਲ ਵੀ ਸਕਦੇ ਹਨ ।ਇਸ ਲਈ ਵੋਟ ਦਾ ਅਧਿਕਾਰ ਬਹੁਤ ਮਹੱਤਵਪੂਰਨ ਹੁੰਦਾ ਹੈ ।

**ਪ੍ਰਸ਼ਨ-4.ਪ੍ਰਧਾਨਾਤਮਕ (ਤਾਨਾਸ਼ਾਹੀ) ਸਰਕਾਰ ਕਿਹੜੀ ਹੁੰਦੀ ਹੈ ?**

ਉੱਤਰ- (ਪ੍ਰਧਾਨਾਤਮਕ) ਤਾਨਾਸ਼ਾਹ ਸਰਕਾਰ ਵਿੱਚ ਸ਼ਾਸ਼ਨ ਲੋਕਾਂ ਦੇ ਹੱਥ ਵਿੱਚ ਨਾ ਹੋ ਕੇ ਇੱਕ ਵਿਅਕਤੀ ਜਾਂ ਕੁਝ ਕੁ ਵਿਅਕਤੀਆਂ ਦੇ ਹੱਥ ਵਿੱਚ ਹੁੰਦਾ ਹੈ ਅਤੇ ਲੋਕ ਵੋਟਾਂ ਪਾ ਕੇ ਅਜਿਹੀ ਸਰਕਾਰ ਨੂੰ ਨਹੀਂ ਬਦਲ ਸਕਦੇ। ਇਹ ਰਾਜੇ ਦੇ ਸ਼ਾਸ਼ਨ ਦੀ ਤਰਾਂ ਹੁੰਦਾ ਹੈ ।

**ਪ੍ਰਸ਼ਨ-5. ਲੋਕਤੰਤਰ ਵਿੱਚ ਲੋਕਮਤ ਦਾ ਕੀ ਮਹੱਤਵ ਹੈ?**

ਉੱਤਰ- ਲੋਕਮਤ ਦਾ ਭਾਵ ਲੋਕਾਂ ਦੀ ਇੱਛਾ ਤੋਂ ਹੈ ।ਜੋ ਸਰਕਾਰ ਲੋਕਾਂ ਦੀ ਇੱਛਾ ਅਨੁਸਾਰ ਕੰਮ ਨਹੀਂ ਕਰਦੀ ਲੋਕ ਵੋਟਾਂ ਰਾਹੀਂ ਉਸ ਸਰਕਾਰ ਨੂੰ ਬਦਲ ਦਿੰਦੇ ਹਨ।

Harbans Gorknath

**ਪ੍ਰਸ਼ਨ-6. ਕਿਹੜੇ ਦੇਸ਼ ਵਿੱਚ ਅਜੇ ਵੀ ਸਿੱਧਾ ਲੋਕਤੰਤਰ ਹੈ ?**

ਉੱਤਰ- ਸਿੱਧੇ ਲੋਕਤੰਤਰ ਵਿੱਚ ਕੋਈ ਕਾਨੂੰਨ ਬਣਾਉਣ ਸਮੇਂ ਸਾਰੇ ਨਾਗਰਿਕ ਸਿੱਧੇ ਤੌਰ ਹਿੱਸਾ ਲੈਂਦੇ ਹਨ। ਸਵਿਟਜ਼ਰਲੈਂਡ ਵਿੱਚ ਅੱਜ ਵੀ ਸਿੱਧਾ ਲੋਕਤੰਤਰ ਹੈ ।

**ਪ੍ਰਸ਼ਨ-7. ਲੋਕਤੰਤਰ ਦੇ ਹੋਂਦ ਵਿੱਚ ਆਉਣ ਤੇ ਨੋਟ ਲਿਖੋ ।**

ਉੱਤਰ- ਲੋਕਤੰਤਰ ਦਾ ਆਰੰਭ ਯੂਨਾਨ ਦੇਸ਼ ਦੇ ਸ਼ਹਿਰ ਏਥਨਜ਼ ਵਿੱਚ ਲਗਭਗ 2500 ਸਾਲ ਪਹਿਲਾਂ ਹੋਇਆ ।ਉਥੋਂ ਦੇ ਲੋਕ ਸਾਲ ਵਿੱਚ ਕਈ ਵਾਰ ਇਕੱਠੇ ਹੋ ਕੇ ਸਭਾ ਕਰਦੇ ਸਨ ਅਤੇ ਫੈਂਸਲੇ ਕਰਦੇ ਸਨ ।ਉਸ ਸਮੇਂ ਸਿੱਧਾ ਲੋਕਤੰਤਰ ਪ੍ਰਚੱਲਿਤ ਸੀ ।

**ਪ੍ਰਸ਼ਨ-8. ਸਮਾਨਤਾ ਦੀ ਧਾਰਨਾ ਦੇ ਵਿਕਾਸ ਬਾਰੇ ਲਿਖੋ ।**

ਉੱਤਰ- ਸਮਾਨਤਾ ਅਤੇ ਸੁਤੰਤਰਤਾ ਦੀਆਂ ਧਾਰਨਾਵਾਂ ਦਾ ਵਿਕਾਸ 17 ਵੀਂ ਸਦੀ ਵਿੱਚ ਇੰਗਲੈਂਡ ਦੀ ਕ੍ਰਾਂਤੀ ਅਤੇ 18 ਵੀਂ ਸਦੀ ਵਿੱਚ ਫਰਾਂਸ ਦੀ ਕਾਂਤੀ ਨਾਲ ਹੋਇਆ ।ਪਹਿਲਾਂ ਸਿਰਫ ਅਮੀਰ ਲੋਕ ਹੀ ਸ਼ਾਸ਼ਨ ਕਰਦੇ ਸਨ ਪ੍ਰੰਤੂ ਹੌਲੀ-ਹੌਲੀ ਸਾਰੇ ਲੋਕਾਂ ਨੂੰ ਕਾਨੂੰਨ ਦੀ ਨਜ਼ਰ ਵਿੱਚ ਸਮਾਨ ਸਮਝਿਆ ਜਾਣ ਲੱਗਾ।

**ਪ੍ਰਸ਼ਨ-9.ਲੋਕਤੰਤਰ ਸਰਕਾਰ ਸਭ ਤੋਂ ਪਹਿਲਾਂ ਕਿਹੜੇ ਦੇਸ਼ ਵਿੱਚ ਸਥਾਪਿਤ ਹੋਈ ?**

ਉੱਤਰ- ਲੋਕਤੰਤਰ ਸਰਕਾਰ ਸਭ ਤੋਂ ਪਹਿਲਾਂ ਯੂਨਾਨ ਵਿੱਚ ਸਥਾਪਿਤ ਹੋਈ ।

**ਪ੍ਰਸ਼ਨ-10 ਲੋਕਤੰਤਰ ਸਰਕਾਰ ਦੇ ਚਾਰ ਵੱਖ-ਵੱਖ ਰੂਪਾਂ ਦੇ ਨਾਮ ਲਿਖੋ ।**

ਉੱਤਰ- 1. **ਪ੍ਰਧਾਨਾਤਮਕ ਸਰਕਾਰ**- ਇਸ ਸਰਕਾਰ ਵਿੱਚ ਦੇਸ਼ ਦਾ ਰਾਸ਼ਟਰਪਤੀ ਸਿੱਧਾ ਲੋਕਾਂ ਦੁਆਰਾ ਚੁਣਿਆ ਜਾਂਦਾ ਹੈ ।

ਇਸ ਤਰ੍ਹਾਂ ਦੀ ਸਰਕਾਰ ਅਮਰੀਕਾ ਵਿੱਚ ਹੈ ।

1. **ਸੰਸਦਾਤਮਕ ਸਰਕਾਰ**-ਇਸ ਤਰ੍ਹਾਂ ਦੀ ਸਰਕਾਰ ਵਿੱਚ ਸੰਸਦ ਵਧੇਰੇ ਸ਼ਕਤੀਸ਼ਾਲੀ ਹੁੰਦੀ ਹੈ ।ਰਾਜ ਦੀ ਅਸਲੀ ਸ਼ਕਤੀ ਪ੍ਰਧਾਨਮੰਤਰੀ ਕੋਲ ਹੁੰਦੀ ਹੈ ।ਭਾਰਤ ਵਿੱਚ ਸੰਸਦੀ ਸਰਕਾਰ ਹੈ ।
2. **ਇਕਾਤਮਕ ਸਰਕਾਰ**- ਇਸ ਤਰ੍ਹਾਂ ਦੀ ਸਰਕਾਰ ਵਿੱਚ ਕੇਂਦਰ ਅਤੇ ਰਾਜਾਂ ਵਿੱਚ ਸ਼ਕਤੀਆਂ ਦੀ ਵੰਡ ਹੁੰਦੀ ਹੈ ਪ੍ਰੰਤੂ ਕੇਂਦਰ ਵੱਧ ਸ਼ਕਤੀਸ਼ਾਲੀ ਹੁੰਦਾ ਹੈ ।
3. **ਸੰਘਾਤਮਕ ਸਰਕਾਰ**- ਸੰਘਾਤਮਕ ਸਰਕਾਰ ਵਿੱਚ ਵੀ ਕੇਂਦਰ ਅਤੇ ਰਾਜਾਂ ਵਿੱਚ ਸ਼ਕਤੀਆਂ ਦੀ ਵੰਡ ਹੁੰਦੀ ਹੈ ।ਹਰੇਕ ਰਾਜ ਦੀ ਆਪਣੀ ਸਰਕਾਰ ਹੁੰਦੀ ਹੈ ।ਭਾਰਤ ਵਿੱਚ ਵੀ ਸੰਘਾਤਮਕ ਸਰਕਾਰ ਹੈ ।

**ਪ੍ਰਸ਼ਨ-11. 'ਸੰਸਦਾਤਮਕ ਲੋਕਤੰਤਰ' ਤੋਂ ਤੁਸੀਂ ਕੀ ਸਮਝਦੇ ਹੋਂ?**

ਉੱਤਰ- ਸੰਸਦਾਤਮਕ ਲੋਕਤੰਤਰ ਵਿੱਚ ਸੰਸਦ ਸਭ ਤੋਂ ਜਿਆਦਾ ਸ਼ਕਤੀਸ਼ਾਲੀ ਹੁੰਦੀ ਹੈ।ਦੇਸ਼ ਦਾ ਅਸਲੀ ਮੁਖੀ ਪ੍ਰਧਾਨ ਮੰਤਰੀ ਹੁੰਦਾ ਹੈ ਅਤੇ ਰਾਸ਼ਟਰਪਤੀ ਨਾ-ਮਾਤਰ ਮੁਖੀ ਹੁੰਦਾ ਹੈ।

**ਪ੍ਰਸ਼ਨ- 12.ਲੋਕਤੰਤਰੀ ਸਰਕਾਰ ਦੀਆ ਵਿਸ਼ੇਸ਼ਤਾਵਾਂ ਲਿਖੋ ।**

ਉੱਤਰ- 1. **ਸੂਝਵਾਨ ਨਾਗਰਿਕ-** ਲੋਕਤੰਤਰ ਲਈ ਸੂਝਵਾਨ ਅਤੇ ਪੜ੍ਹੇ-ਲਿਖੇ ਨਾਗਰਿਕ ਬਹੁਤ ਜਰੂਰੀ ਹਨ। ਸੂਝਵਾਨ ਨਾਗਰਿਕ ਹੀ ਚੰਗੀ ਸਰਕਾਰ ਦੀ ਚੋਣ ਕਰ ਸਕਦੇ ਹਨ।

2.**ਸੂਝਵਾਨ ਅਤੇ ਸਮਝਦਾਰ ਨੇਤਾ-** ਸਮਝਦਾਰ ਅਤੇ ਲੋਕ-ਪੱਖੀ ਨੇਤਾ ਹੀ ਲੋਕਤੰਤਰ ਵਿੱਚ ਲੋਕ ਭਲਾਈ ਦੇ ਕੰਮ ਕਰ ਸਕਦੇ ਹਨ ।

3. **ਸਮਾਜਿਕ ਅਤੇ ਆਰਥਿਕ ਸਮਾਨਤਾ-** ਲੋਕਤੰਤਰ ਵਿੱਚ ਨਾਗਿਰਿਕਾਂ ਵਿੱਚ ਜਾਤ-ਪਾਤ, ਧਰਮ ,ਭਾਸ਼ਾ ਆਦਿ ਦੇ ਆਧਾਰ ਤੇ ਕੋਈ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ ਸਗੋਂ ਆਰਥਿਕ ਅਤੇ ਸਮਾਜਿਕ ਤੌਰ ਤੇ ਬਰਾਬਰੀ ਹੋਣੀ ਚਾਹੀਂਦੀ ਹੈ ।

**ਪ੍ਰਸ਼ਨ-13. ਸਮਾਜਿਕ ਅਤੇ ਆਰਥਿਕ ਸਮਾਨਤਾ ਤੋਂ ਤੁਸੀਂ ਕੀ ਸਮਝਦੇ ਹੋਂ ?**

ਉੱਤਰ- ਲੋਕਤੰਤਰ ਵਿੱਚ ਨਾਗਿਰਿਕਾਂ ਵਿੱਚ ਜਾਤ-ਪਾਤ, ਧਰਮ ,ਭਾਸ਼ਾ ਆਦਿ ਦੇ ਆਧਾਰ ਤੇ ਕੋਈ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ ਸਗੋਂ ਆਰਥਿਕ ਅਤੇ ਸਮਾਜਿਕ ਤੌਰ ਤੇ ਬਰਾਬਰੀ ਹੋਣੀ ਚਾਹੀਂਦੀ ਹੈ ।

ਪ੍ਰਸ਼ਨ-14 ਆਧੁਨਿਕ ਯੁੱਗ ਵਿੱਚ ਲੋਕਤੰਤਰੀ ਸਰਕਾਰ ਹਰਮਨ ਪਿਆਰੀ ਕਿਉਂ ਹੈ ?

ਉੱਤਰ -ਆਧੁਨਿਕ ਯੁੱਗ ਵਿੱਚ ਲੋਕਤੰਤਰੀ ਸਰਕਾਰ ਹੇਠ ਲਿਖੇ ਕਾਰਨਾਂ ਕਰਕੇ ਹਰਮਨ ਪਿਆਰੀ ਹੈ :-

Harbans Gorkhnath

**1. ਸਮਾਨਤਾ**- ਲੋਕਤੰਤਰ ਵਿੱਚ ਸਾਰੇ ਨਾਗਰਿਕ ਸਮਾਨ ਹੁੰਦੇ ਹਨ ਅਤੇ ਕਿਸੇ ਨਾਲ ਕੋਈ ਭੇਦ-ਭਾਵ ਨਹੀਂ ਕੀਤਾ ਜਾਂਦਾ ।

**2. ਸੁਤੰਤਰਤਾ**- ਲੋਕਾਂ ਨੂੰ ਕੋਈ ਵੀ ਕਿੱਤਾ ਅਪਣਾਉਣ, ਦੇਸ਼ ਦੇ ਕਿਸੇ ਵੀ ਖੇਤਰ ਵਿੱਚ ਵਸਣ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਦੀ ਸੁਤੰਤਰਤਾ ਹੁੰਦੀ ਹੈ ।

**3. ਨਾਗਰਿਕਾਂ ਦੀ ਸਰਗਰਮ ਭੂਮਿਕਾ**- ਲੋਕਤੰਤਰ ਵਿੱਚ ਨਾਗਰਿਕ ਸਰਗਰਮ ਭੂਮਿਕਾ ਨਿਭਾਉਂਦੇ ਹਨ।ਉਹ ਵੋਟਾਂ ਪਾ ਕੇ ਸਰਕਾਰ ਦੀ ਚੋਣ ਕਰਦੇ ਹਨ ।

**ਖਾਲੀ ਥਾਵਾਂ ਭਰੋ:-**

1.ਲੋਕਤੰਤਰੀ 2. ਰਾਸ਼ਟਰਪਤੀ , ਰਾਜਪਾਲ 3. ਯੂਨਾਨ , ਏਥਨਜ 4. ਸਟਿਜ਼ਰਲੈਂਡ 5. ਸਮਾਨਤਾ , ਸੁਤੰਤਰਤਾ

**ਹੇਠ ਲਿਖੇ ਵਾਕਾਂ ਸਾਹਮਣੇ ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ :-**

1. (√) 2. (√) 3. . (X) 4. (√) 5. . (X)

**ਬਹੁ-ਵਿਕਲਪੀ ਪ੍ਰਸ਼ਨ-ਉੱਤਰ**

1. ਇਬਰਾਹਿਮ ਲਿੰਕਨ 2.ਲੋਕਤੰਤਰੀ ਸਰਕਾਰ 3. ਦੋ

## ਪਾਠ-2

## ਪ੍ਰਿਥਵੀ ਦਾ ਅੰਦਰੂਨੀ ਅਤੇ ਬਾਹਰਲਾ ਰੂਪ

**ਪ੍ਰਸ਼ਨ-1-ਧਰਤੀ ਦੇ ਕਿੰਨੇ ਖੋਲ (ਪਰਤਾਂ) ਹਨ? ਇਹਨਾਂ ਦੇ ਨਾਂ ਦੱਸੋ ।**

ਉੱਤਰ- ਧਰਤੀ ਦੇ ਤਿੰਨ ਖੋਲ ਹਨ- ਪੇਪੜੀ (ਸਿਆਲ), ਮੈਂਟਲ (ਸੀਮਾਂ), ਕੋਰ (ਨਾਈਫ) ।

**ਪ੍ਰਸ਼ਨ-2. ਧਰਤੀ ਤੇ ਕਿੰਨੇ ਪ੍ਰਕਾਰ ਦੀਆਂ ਚੱਟਾਨਾਂ ਪਾਈਆਂ ਜਾਂਦੀਆਂ ਹਨ?**

ਉੱਤਰ- ਧਰਤੀ ਤੇ ਤਿੰਨ ਪ੍ਰਕਾਰ ਦੀਆਂ ਚੱਟਾਨਾਂ ਪਾਈਆਂ ਜਾਂਦੀਆਂ ਹਨ- ਅਗਨੀ ਚੱਟਾਨਾਂ , ਤਲਛੱਟੀ ਜਾਂ ਤਹਿਦਾਰ ਚੱਟਾਨਾਂ ਅਤੇ ਰੂਪਾਂਤਰਿਤ ਚੱਟਾਨਾਂ।

**ਪ੍ਰਸ਼ਨ-3. ਧਰਤੀ ਦੇ ਮੈਂਟਲ ਭਾਗ ਬਾਰੇ ਲਿਖੋ।**

ਉੱਤਰ- ਧਰਤੀ ਦੀ ਉੱਪਰਲੀ ਪਰਤ ਦੇ ਹੇਠਾਂ ਵੱਲ 2900 ਕਿਲੋਮੀਟਰ ਦੀ ਦੂਰੀ ਤੱਕ ਮੈਂਟਲ ਭਾਗ ਹੈ। ਇਸ ਭਾਗ ਵਿੱਚ ਸਿਲੀਕਾਨ (SI) ਅਤੇ ਮੈਗਨੀਸ਼ੀਅਮ (Mg) ਦੇ ਤੱਤ ਜਿਆਦਾ ਮਾਤਰਾ ਵਿੱਚ ਹੋਣ ਕਾਰਨ ਇਸਨੂੰ ਸੀਮਾ (SIMA) ਕਹਿੰਦੇ ਹਨ।

**ਪ੍ਰਸ਼ਨ-4. ਧਰਤੀ ਦੀ ਸਿਆਲ ਪਰਤ ਨੂੰ ਇਸ ਨਾਂ ਨਾਲ ਕਿਉਂ ਪੁਕਾਰਿਆ ਜਾਂਦਾ ਹੈ ?**

ਉੱਤਰ- ਧਰਤੀ ਦੀ ਸਿਆਲ ਪਰਤ ਵਿੱਚ ਸਿਲੀਕਾਨ (SI) ਅਤੇ ਐਲੂਮੀਨੀਅਮ (AL) ਤੱਤਾਂ ਦੀ ਬਹੁਤਾਤ ਹੈ ਇਸ ਲਈ ਇਸ ਨੂੰ SI+AL = SIAL ਕਿਹਾ ਜਾਂਦਾ ਹੈ ।

**ਪ੍ਰਸ਼ਨ-5. ਧਰਤੀ ਦੇ ਅੰਦਰੂਨੀ ਭਾਗ ਨੂੰ ਕੀ ਕਹਿੰਦੇ ਹਨ ? ਇਹ ਕਿਹੜੇ ਕਿਹੜੇ ਤੱਤਾਂ ਦਾ ਬਣਿਆ ਹੋਇਆ ਹੈ ?**

ਉੱਤਰ- ਧਰਤੀ ਦੇ ਉੱਪਰਲੇ ਭਾਗ ਨੂੰ ਨਾਈਫ (NIFE) ਕਹਿੰਦੇ ਹਨ ।ਇਹ ਨਿੱਕਲ (Ni) ਅਤੇ ਲੋਹੇ (Fe) ਤੋਂ ਬਣਿਆ ਹੋਇਆ ਹੈ।

**ਪ੍ਰਸ਼ਨ-6. ਧਰਤੀ ਨੂੰ ਭੋ-ਖੁਰਨ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ ?**

ਉੱਤਰ- 1. ਵੱਧ ਤੋਂ ਵੱਧ ਦਰਖਤ ਲਗਾ ਕੇ

2. ਖੇਤੀਬਾੜੀ ਦੇ ਵਧੀਆਂ ਢੰਗ ਅਪਣਾ ਕੇ

3. ਖੁੱਲੇ ਵਿੱਚ ਪਸ਼ੂ ਚਰਾਉਣਾ ਘਟਾ ਕੇ ।

Harbans Gorkhnath

**ਪ੍ਰਸ਼ਨ-7 ਅਗਨੀ ਚੱਟਾਨਾਂ ਕਿਸਨੂੰ ਆਖਦੇ ਹਨ? ਇਹ ਕਿੰਨੇ ਪ੍ਰਕਾਰ ਦੀਆਂ ਹਨ?**

ਉੱਤਰ- ਜਦੋਂ ਧਰਤੀ ਦੇ ਅੰਦਰੋਂ ਅਤਿਅੰਤ ਗਰਮ ਅਤੇ ਤਰਲ ਲਾਵਾ ਨਿੱਕਲਦਾ ਹੈ ਤਾਂ ਉਹ ਠੰਢਾ ਹੋ ਕੇ ਠੋਸ ਹੋ ਜਾਂਦਾ ਹੈ ਇਸ ਨੂੰ ਮੈਗਮਾਂ ਕਹਿੰਦੇ ਹਨ,ਤਾਂ ਇਸ ਨਾਲ ਅਗਨੀ ਚੱਟਾਨਾਂ ਬਣਦੀਆਂ ਹਨ।ਇਹ ਦੋ ਪ੍ਰਕਾਰ ਦੀਆਂ ਹਨ-1. ਅੰਤਰਵੇਧੀ 2. ਬਾਹਰਵੇਧੀ ।ਜਦੋਂ ਲਾਵਾ ਧਰਤੀ ਦੇ ਅੰਦਰ ਹੀ ਠੰਢਾਂ ਹੋ ਜਾਂਦਾ ਹੈ ਥਾਂ ਅੰਤਰਵੇਧੀ ਅਤੇ ਜਦੋਂ ਧਰਤੀ ਦੇ ਬਾਹਰ ਆ ਕੇ ਠੰਢਾ ਹੁੰਦਾ ਹੈ ਤਾਂ ਬਾਹਰਵੇਧੀ ਚੱਟਾਨਾਂ ਬਣਦੀਆਂ ਹਨ।

**ਪ੍ਰਸ਼ਨ-8. ਤਹਿਦਾਰ ਜਾਂ ਤਲਛੱਟੀ ਚੱਟਾਨਾਂ ਕਿਸ ਨੂੰ ਆਖਦੇ ਹਨ?**

ਉੱਤਰ- ਇਹ ਚੱਟਾਨਾਂ ਵਹਿੰਦਾ ਪਾਣੀ ਜਾਂ ਹਵਾ ਦੁਆਰਾ ਲਿਆਂਦੀ ਸਮੱਗਰੀ ਦੇ ਨੀਵੀਂਆਂ ਥਾਵਾਂ ਤੇ ਜਮਾਂ ਹੋਣ ਨਾਲ ਬਣਦੀਆਂ ਹਨ। ਇਹ ਤਹਿਆਂ ਦੇ ਰੂਪ ਲੱਖਾਂ ਸਾਲਾਂ ਵਿੱਚ ਬਣਦੀਆਂ ਹਨ।

**ਪ੍ਰਸ਼ਨ- 9. ਰੂਪਾਂਤਰਿਤ ਚੱਟਾਨਾਂ ਬਾਰੇ ਲਿਖੋ ਅਤੇ ਇਹਨਾਂ ਦੀਆਂ ਉਦਾਹਰਨਾਂ ਦਿਓ ।**

ਉੱਤਰ- ਜਦੋਂ ਧਰਤੀ ਦੇ ਤਾਪ ਜਾਂ ਦਬਾਓ ਕਾਰਨ ਅਗਨੀ ਅਤੇ ਤਹਿਦਾਰ ਚੱਟਾਨਾਂ ਦਾ ਰੂਪ ਬਦਲ ਜਾਂਦਾ ਹੈ ਤਾਂ ਇਹਨਾਂ ਨੂੰ ਰੂਪਾਂਤਰਿਤ ਚੱਟਾਨਾਂ ਕਿਹਾ ਜਾਂਦਾ ਹੈ ।ਜਿਵੇ ਸਲੇਟ, ਕੋਲਾ ਆਦਿ ।

**ਪ੍ਰਸ਼ਨ-10 ਧਰਤੀ ਵਿੱਚ ਮਿਲਣ ਵਾਲੇ ਖਣਿਜ ਪਦਾਰਥਾਂ ਦਾ ਵਰਗੀਕਰਨ ਕਰੋ।**

ਉੱਤਰ- 1. ਧਾਤਵੀਂ ਖਣਿਜ -ਇਹਨਾਂ ਖਣਿਜਾਂ ਵਿੱਚ ਧਾਤੂ ਦੇ ਅੰਸ਼ ਹੁੰਦੇ ਹਨ ਜਿਵੇਂ ਲੋਹਾ, ਤਾਂਬਾ, ਸੋਨਾ, ਚਾਂਦੀ ਆਦਿ ।

2. ਅਧਾਤਵੀਂ ਖਣਿਜ- ਇਹਨਾਂ ਖਣਿਜਾਂ ਵਿੱਚ ਧਾਤੂ ਦੇ ਅੰਸ਼ ਨਹੀਂ ਹੁੰਦੇ।ਜਿਵੇਂ ਸਲਫਰ, ਗੰਧਕ ਆਦਿ ।

3. ਸ਼ਕਤੀ ਖਣਿਜ -ਇਹਨਾਂ ਸਾਧਨਾਂ ਨਾਲ ਬਾਲਣ ਸ਼ਕਤੀ ਅਤੇ ਊਰਜਾ ਪ੍ਰਾਪਤ ਹੁੰਦੀ ਹੈ ਜਿਵੇਂ ਕੋਲਾ, ਪੈਟਰੋਲ, ਕੁਦਰਤੀ ਗੈਸ ।

**ਪ੍ਰਸ਼ਨ- 11. ਅਬਰਕ ਕਿਸ ਪ੍ਰਕਾਰ ਦਾ ਖਣਿਜ ਹੈ ? ਇਹ ਕਿਹੜੇ ਕੰਮ ਆਉਂਦਾ ਹੈ ?**

ਉੱਤਰ- ਅਬਰਕ ਇੱਕ ਅਧਾਤਵੀਂ ਖਣਿਜ ਹੈ । ਇਹ ਬਿਜਲੀ ਦਾ ਸਮਾਨ, ਰੰਗ ਰੋਗਨ, ਰਬੜ, ਕਾਗਜ਼ ਅਤੇ ਪਾਰਦਰਸ਼ੀ ਚਾਦਰਾਂ ਬਣਾਉਣ ਲਈ ਵਰਤਿਆ ਜਾਂਦਾ ਹੈ ।

**ਪ੍ਰਸ਼ਨ-12. ਤਰਲ ਸੋਨਾ ਕਿਸਨੂੰ ਆਖਦੇ ਹਨ ? ਇਸ ਬਾਰੇ ਜਾਣਕਾਰੀ ਦਿਓ ।**

ਉੱਤਰ- ਤਰਲ ਸੋਨਾ ਖਣਿਜ ਤੇਲ ਜਾਂ ਪੈਟਰੋਲੀਅਮ ਨੂੰ ਕਿਹਾ ਜਾਂਦਾ ਹੈ ।ਇਸ ਦੀ ਉਦਯੋਗਾਂ ਅਤੇ ਆਵਾਜਾਈ ਦੇ ਸਾਧਨਾਂ ਵਿੱਚ ਮਹੱਤਤਾ ਕਰਕੇ ਇਸ ਨੂੰ ਇਹ ਨਾਂ ਦਿੱਤਾ ਗਿਆ ਹੈ।ਇਹ ਜੀਵ-ਜੰਤੂਆਂ ਦੇ ਤਹਿਦਾਰ ਚੱਟਾਨਾਂ ਵਿੱਚ ਲੱਖਾਂ ਸਾਲਾਂ ਤੱਕ ਦੱਬੇ ਰਹਿਣ ਨਾਲ ਬਣਿਆ ਹੈ।

**ਪ੍ਰਸ਼ਨ-13. ਧਰਤੀ ਤੇ ਮਿੱਟੀ ਦੀ ਕੀ ਮਹੱਤਤਾ ਹੈ ? ਇਸ ਬਾਰੇ ਲਿਖੋ।**

ਉੱਤਰ- ਮਿੱਟੀ ਇੱਕ ਬਹੁਤ ਹੀ ਮਹੱਤਵਪੂਰਨ ਭੂਮੀਂ ਸਾਧਨ ਹੈ। ਮਿੱਟੀ ਵਿੱਚ ਮਨੁੱਖ ਅਤੇ ਦੂਸਰੇ ਜੀਵਾਂ ਲਈ ਅਨਾਜ ਅਤੇ ਪੋਦੇ ਪੈਦਾ ਹੁੰਦੇ ਹਨ। ਭਾਰਤ ਵਿੱਚ ਮਿੱਟੀ ਉਪਜਾਊ ਹੋਣ ਕਰਕੇ ਹੀ ਇੰਨੀ ਵੱਡੀ ਆਬਾਦੀ ਲਈ ਅੰਨ ਪੈਦਾ ਹੁੰਦਾ ਹੈ ।

**ਪ੍ਰਸ਼ਨ-14 ਭਾਰਤ ਵਿੱਚ ਕੋਲਾ, ਲੋਹਾ ਅਤੇ ਪੈਟਰੋਲੀਅਮ ਕਿੱਥੇ-ਕਿੱਥੇ ਮਿਲਦਾ ਹੈ ?**

ਉੱਤਰ- ਕੋਲਾ- ਬੰਗਾਲ ਅਤੇ ਮੱਧ ਪ੍ਰਦੇਸ਼,

ਲੋਹਾ- ਬੰਗਾਲ ਅਤੇ ਮੱਧ ਪ੍ਰਦੇਸ਼ ,

ਪੈਟਰੋਲੀਅਮ- ਆਸਾਮ, ਗੁਜਰਾਤ, ਬੰਬੇ ਹਾਈ ।

## ਪਾਠ-11

## ਨਵੇਂ ਰਾਜ ਅਤੇ ਰਾਜੇ

**ਪ੍ਰਸ਼ਨ-1. ਮੱਧਕਾਲੀਨ ਯੁੱਗ ਦੌਰਾਨ ਜਾਤੀ ਪ੍ਰਥਾ ਕਿਸ ਤਰ੍ਹਾਂ ਦੀ ਸੀ ?**

Harbans Gorkhnath

ਉੱਤਰ- ਮੱਧਕਾਲੀਨ ਯੁੱਗ ਦੌਰਾਨ ਸਮਾਜ ਚਾਰ ਵਰਗਾਂ ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂੱਦਰ ਵਿੱਚ ਵੰਡਿਆ ਹੋਇਆ ਸੀ।ਉੱਚੀ ਜਾਤੀ ਦੇ ਲੋਕ ਨੀਵੀਂ ਜਾਤੀ ਦੇ ਲੋਕਾਂ ਨਾਲ ਨਫਰਤ ਕਰਦੇ ਸਨ । ਜਾਤ ਦੇ ਆਧਾਰ ਤੇ ਹੀ ਕੰਮ ਵੰਡੇ ਹੋਏ ਸਨ ।

**ਪ੍ਰਸ਼ਨ-2. ਤ੍ਰਿਪੱਖੀ ਸੰਘਰਸ਼ ਕਿਹੜੇ ਤਿੰਨ ਰਾਜਵੰਸ਼ਾਂ ਵਿਚਕਾਰ ਹੋਇਆ ?**

ਉਤੱਰ-ਤ੍ਰਿਪੱਖੀ ਸੰਘਰਸ਼ ਰਾਸ਼ਟਰਕੂਟ, ਪ੍ਰਤੀਹਾਰ ਅਤੇ ਪਾਲ ਰਾਜਵੰਸ਼ਾਂ ਵਿਚਕਾਰ ਹੋਇਆ। ਇਹ ਸਾਰੇ ਰਾਜਵੰਸ਼ ਕਨੌਜ ਤੇ ਅਧਿਕਾਰ ਕਰਨਾ ਚਾਹੁੰਦੇ ਸਨ।ਇਹਨਾਂ ਨੇ ਵਾਰੀ ਵਾਰੀ ਨਾਲ ਕਨੌਜ ਤੇ ਅਧਿਕਾਰ ਕੀਤਾ ।

**ਪ੍ਰਸ਼ਨ-3. ਕਿਸ ਕਾਲ ਨੂੰ ਰਾਜਪੂਤ ਕਾਲ ਕਿਹਾ ਜਾਂਦਾ ਹੈ ?**

ਉੱਤਰ- 8ਵੀਂ ਸਦੀ ਤੋਂ ਲੈ ਕੇ 13ਵੀਂ ਸਦੀ ਤੱਕ ਦੇਸ਼ ਵਿੱਚ ਮੁੱਖ ਤੌਰ ਤੇ ਰਾਜਪੂਤ ਰਾਜਿਆਂ ਦਾ ਸ਼ਾਸ਼ਨ ਰਿਹਾ। ਇਸ ਲਈ ਇਸ ਕਾਲ ਨੂੰ ਰਾਜਪੂਤ ਕਾਲ ਕਿਹਾ ਜਾਂਦਾ ਹੈ ।

**ਪ੍ਰਸ਼ਨ-4. ਮਹਿਮੂਦ ਗਜ਼ਨਵੀ ਨੇ ਭਾਰਤ ਤੇ ਹਮਲੇ ਕਿਉਂ ਕੀਤੇ?**

ਉੱਤਰ- ਮਹਿਮੂਦ ਗਜ਼ਨਵੀ ਭਾਰਤ ਦੇ ਧਨ ਨੂੰ ਲੁੱਟਣਾ ਚਾਹੁੰਦਾ ਸੀ ਇਸ ਲਈ ਉਸ ਨੇ ਭਾਰਤ ਤੇ 17 ਹਮਲੇ ਕੀਤੇ ।

**ਪ੍ਰਸ਼ਨ-5. ਮੁਹੰਮਦ ਗੌਰੀ ਨੇ ਭਾਰਤ ਤੇ ਹਮਲੇ ਕਿਉਂ ਕੀਤੇ ?**

ਉੱਤਰ- ਮੁਹੰਮਦ ਗੌਰੀ ਭਾਰਤ ਦੇ ਧਨ ਨੂੰ ਲੁੱਟਣ ਦੇ ਨਾਲ ਨਾਲ ਭਾਰਤ ਵਿੱਚ ਮੁਸਲਿਮ ਰਾਜ ਸਥਾਪਿਤ ਕਰਨਾ ਚਾਹੁੰਦਾ ਸੀ ਇਸ ਲਈ ਉਸ ਨੇ ਭਾਰਤ ਤੇ 7 ਹਮਲੇ ਕੀਤੇ ।

**ਖਾਲੀ ਥਾਵਾਂ ਭਰੋ:-**

1. ਪ੍ਰਤੀਹਾਰ 2.ਮਹਾਂਬੋਧੀ ਮੰਦਰ 3. ਕਲਾ ਅਤੇ ਸਿੱਖਿਆ

**ਜੋੜੇ ਬਣਾਓ**

| | |
|---|---|
| ਉੱਤਰ- 1 ਗੁਰਜਰ-ਪ੍ਰਤੀਹਾਰ ਸ਼ਾਸਨ | ਰਾਜਸਥਾਨ ਅਤੇ ਗੁਜਰਾਤ |
| 2. ਪਾਲ ਸ਼ਾਸ਼ਕ | ਬੰਗਾਲ, ਬਿਹਾਰ ਅਤੇ ਝਾਰਖੰਡ |
| 3. ਰਾਸ਼ਟਰਕੂਟ ਸ਼ਾਸਕ | ਦੱਕਣ |

## ਪਾਠ-12

## ਦੱਖਣੀ ਭਾਰਤ ਵਿੱਚ ਰਾਜਨੀਤਿਕ ਪ੍ਰਗਤੀਆਂ(700- 1200 ਈ:)

**ਪ੍ਰਸ਼ਨ-1. ਚੌਲ ਵੰਸ਼ ਦੇ ਕਿਹੜੇ ਸ਼ਾਸ਼ਕਾਂ ਨੇ ਚੌਲ ਰਾਜ ਨੂੰ ਮੁੜ ਹੋਂਦ ਵਿੱਚ ਲਿਆਂਦਾ ?**

ਉੱਤਰ- ਰਾਜਰਾਜਾ ਪਹਿਲਾ ਅਤੇ ਰਾਜਿੰਦਰ ਚੌਲ।

**ਪ੍ਰਸ਼ਨ-2. ਰਾਜਰਾਜਾ ਪਹਿਲੇ ਨੇ ਕਿਹੜੇ ਰਾਜਿਆਂ ਨੂੰ ਹਰਾ ਕੇ ਉਨ੍ਹਾਂ ਦੇ ਇਲਾਕਿਆਂ ਤੇ ਕਬਜਾ ਕੀਤਾ ?**

ਉੱਤਰ-ਰਾਜਰਾਜਾ ਪਹਿਲੇ ਨੇ ਚੇਰ, ਪਾਂਡਯ ਅਤੇ ਸ਼੍ਰੀਲੰਕਾ ਦੇ ਰਾਜਿਆਂ ਨੂੰ ਹਰਾ ਕੇ ਉਨ੍ਹਾਂ ਦੇ ਇਲਾਕਿਆਂ ਤੇ ਕਬਜਾ ਕੀਤਾ।

**ਪ੍ਰਸ਼ਨ-3. ਰਾਜਿੰਦਰ ਚੌਲ ਦੀਆਂ ਮਹੱਤਵਪੂਰਨ ਜਿੱਤਾਂ ਬਾਰੇ ਲਿਖੋ ।**

ਉੱਤਰ- ਰਾਜਿੰਦਰ ਚੌਲ ਨੇ ਚੇਰ, ਪਾਂਡਯ ਅਤੇ ਸ਼੍ਰੀਲੰਕਾ ਦੇ ਰਾਜਿਆਂ ਨੂੰ ਹਰਾ ਕੇ ਉਨ੍ਹਾਂ ਦੇ ਇਲਾਕੇ ਆਪਣੇ ਰਾਜ ਵਿੱਚ ਮਿਲਾ ਲਏ ।

Harbans Gorkhnath

**ਪ੍ਰਸ਼ਨ-4. ਚੋਲ ਰਾਜ ਦੀ ਬਣਤਰ ਬਾਰੇ ਤੁਸੀਂ ਕੀ ਜਾਣਦੇ ਹੋਂ?**

ਉੱਤਰ- 1. **ਰਾਜਾ**- ਰਾਜ ਦੀਆਂ ਸਾਰੀਆਂ ਸ਼ਕਤੀਆਂ ਦਾ ਮੁਖੀ ਰਾਜਾ ਹੁੰਦਾ ਸੀ ।ਉਹ ਰਾਜ ਪ੍ਰਬੰਧ ਦੀ ਨਿਗਰਾਨੀ, ਨਿਆਂ ਅਤੇ ਯੁੱਧ ਲਈ ਫੋਜ ਭੇਜਦਾ ਸੀ ।

2. **ਪ੍ਰਾਂਤ**- ਸਾਰਾ ਰਾਜ ਵੱਖ-ਵੱਖ ਪ੍ਰਾਂਤਾਂ ਵਿੱਚ ਵੰਡਿਆ ਹੋਇਆ ਸੀ ।ਪ੍ਰਾਂਤਾਂ ਨੂੰ ਮੰਡਲਮ ਕਹਿੰਦੇ ਸਨ ।
3. **ਨਾਡੂ**- ਚੋਲ ਰਾਜ ਵਿੱਚ ਪਿੰਡ ਨੂੰ ਨਾਡੂ ਕਿਹਾ ਜਾਂਦਾ ਸੀ ।ਪਿੰਡਾ ਦੀਆਂ ਛੋਟੀਆਂ ਕਮੇਟੀਆਂ ਪਿੰਡਾਂ ਦੇ ਕੰਮ ਕਰਦੀਆਂ ਸਨ ।
4. **ਸੈਨਾ**- ਚੋਲ ਸੈਨਾ ਵਿੱਚ ਹਾਥੀ, ਘੋੜੇ ਅਤੇ ਪੈਦਲ ਸੈਨਿਕ ਸ਼ਾਮਿਲ ਸਨ। ਉਨ੍ਹਾਂ ਕੋਲ ਜਲ ਸੈਨਾ ਵੀ ਸੀ ।
5. **ਆਮਦਨ ਦੇ ਸਾਧਨ**- ਭੂਮੀਂ ਲਗਾਨ ਅਤੇ ਵਪਾਰ ਆਮਦਨ ਦੇ ਸਾਧਨ ਸਨ।

**ਪ੍ਰਸ਼ਨ- ਤਾਮਿਲਨਾਡੂ ਵਿੱਚ ਕਿਸ ਤਰ੍ਹਾਂ ਦੀ ਸਿੰਚਾਈ ਵਿਵਸਥਾ ਦਾ ਵਿਕਾਸ ਹੋਇਆ ?**

ਉੱਤਰ- ਚੋਲ ਸ਼ਾਸ਼ਕਾਂ ਨੇ ਸਿੰਚਾਈ ਵਿਵਸਥਾ ਵੱਲ ਖਾਸ ਧਿਆਨ ਦਿੱਤਾ।ਉਨ੍ਹਾਂ ਨੇ ਨਦੀਆਂ, ਤਲਾਬਾਂ, ਨਹਿਰਾਂ ਦਾ ਨਿਰਮਾਣ ਕਰਵਾਇਆ । ਉਨ੍ਹਾਂ ਨੇ ਖੇਤਾਂ ਵਿੱਚ ਪਾਣੀ ਦੀ ਵੰਡ ਕਰਨ ਲਈ ਇੱਕ ਤਲਾਅ ਕਮੇਟੀ ਵੀ ਬਣਾਈ ।

**ਪ੍ਰਸ਼ਨ-6. ਚੋਲ ਰਾਜਕਾਲ ਸਮੇਂ ਕਿਹੜੀਆਂ ਭਾਸ਼ਾਂਵਾਂ ਦਾ ਵਿਕਾਸ ਹੋਇਆ ?**

ਉੱਤਰ- ਚੋਲ ਰਾਜਕਾਲ ਸਮੇਂ ਸੰਸਕ੍ਰਿਤ, ਤਮਿਲ, ਤੇਲਗੂ, ਅਤੇ ਕੰਨੜ ਭਾਸ਼ਾਵਾਂ ਦਾ ਵਿਕਾਸ ਹੋਇਆ ।

**ਪ੍ਰਸ਼ਨ-7. ਚੋਲ ਰਾਜਵੰਸ਼ ਸਮੇਂ ਕਿਹੜਾ ਧਰਮ ਸਭ ਤੋਂ ਪ੍ਰਸਿੱਧ ਸੀ ?**

ਉੱਤਰ- ਚੋਲ ਰਾਜਵੰਸ਼ ਸਮੇਂ ਹਿੰਦੂ ਧਰਮ ਸਭ ਤੋਂ ਪ੍ਰਸਿੱਧ ਸੀ ।ਬੁੱਧ ਅਤੇ ਜੈਨ ਧਰਮ ਵੀ ਹੋਂਦ ਵਿੱਚ ਸਨ।

**ਖਾਲੀ ਥਾਂਵਾਂ ਭਰੋ:-**

1.ਕਾਂਚੀ 2. ਪਾਂਡੇਯ ਰਾਜ 3. ਗੰਗਈਕੋਂਡ ਚੋਲਪੁਰਮ 4. ਵਿਸ਼ੇਸ਼ ਸਨਮਾਨ 5. ਮਹਾਂਭਾਰਤ

**ਜੋੜੇ ਬਣਾਓ**

| | |
|---|---|
| ਉੱਤਰ- 1 ਬਾਸਵ | ਲਿੰਗਾਇਤ ਲਹਿਰ |
| 2. ਸ਼ੰਕਰਚਾਰੀਆ | ਅਦਵੈਤ ਮਤ |
| 3. ਰਾਮਾਨੁਜ | ਭਗਤੀ ਲਹਿਰ |
| 4. ਮਾਧਵ | ਭਗਤੀ ਲਹਿਰ |

**ਹੇਠ ਲਿਖੇ ਵਾਕਾਂ ਤੇ ਸਹੀ ਗਲਤ ਦਾ ਨਿਸ਼ਾਨ ਲਗਾਓ:-**

1. (X) 2. (√) 3. (X) 4. (√) 5. (√)

Harbans Gorkhnath

## ਪਾਠ-3

## ਧਰਤੀ ਦਾ ਬਦਲਦਾ ਰੂਪ ਅਤੇ ਧਰਾਤਲੀ ਸ਼ਕਤੀਆਂ

ਪ੍ਰਸ਼ਨ-1 ਧਰਤੀ ਦੇ ਬਦਲਦੇ ਰੂਪ ਵਿੱਚ ਸਹਾਈ ਸ਼ਕਤੀਆਂ ਨੂੰ ਮੁੱਖ ਕਿੰਨੇ ਵਰਗਾਂ ਵਿੱਚ ਵੰਡਿਆ ਗਿਆ ਹੈ ?

ਉੱਤਰ- ਧਰਤੀ ਦੇ ਬਦਲਦੇ ਰੂਪ ਵਿੱਚ ਸਹਾਈ ਸ਼ਕਤੀਆਂ ਨੂੰ ਮੁੱਖ ਰੂਪ ਵਿੱਚ ਦੋ ਵਰਗਾਂ ਵਿੱਚ ਵੰਡਿਆ ਗਿਆ ਹੈ :-

(ੳ) ਅਦਰੂਨੀ ਸ਼ਕਤੀਆਂ- ਜੋ ਧਰਤੀ ਦੇ ਅੰਦਰੋਂ ਅਸਰ ਪਾਉਂਦੀਆਂ ਹਨ।

(ਅ) ਬਾਹਰੀ ਸ਼ਕਤੀਆਂ- ਜੋ ਧਰਤੀ ਦੇ ਬਾਹਰੋਂ ਅਸਰ ਪਾਉਂਦੀਆਂ ਹਨ ।

ਪ੍ਰਸ਼ਨ-2. ਧਰਤੀ ਤੇ ਪ੍ਰਮੁੱਖ ਥਲ-ਆਕ੍ਰਿਤੀਆਂ ਦੇ ਨਾਂ ਦੱਸੋ।

ਉੱਤਰ- 1. ਪਰਬਤ 2. ਪਠਾਰ 3. ਮੈਦਾਨ

ਪ੍ਰਸ਼ਨ-3. ਕਾਰਜ ਕਿਰਿਆ ਦੇ ਆਧਾਰ ਤੇ ਧਰਤੀ ਦੀਆਂ ਸ਼ਕਤੀਆਂ ਨੂੰ ਕਿਹੜੇ ਵਰਗਾਂ ਵਿੱਚ ਵੰਡਿਆ ਗਿਆ ਹੈ?

ਉੱਤਰ- ਦੋ ਵਰਗਾਂ ਵਿੱਚ:- 1.ਧੀਮੀ ਹਿਲਜੁਲ 2. ਅਚਾਨਕ ਹਿਲਜੁਲ ।

ਪ੍ਰਸ਼ਨ-4. ਦਿਸ਼ਾ ਪ੍ਰਭਾਵ ਦੇ ਆਧਾਰ ਤੇ ਅੰਦਰੂਨੀ ਸ਼ਕਤੀਆਂ ਨੂੰ ਕਿਹੜੇ ਵਰਗਾਂ ਵਿੱਚ ਵੰਡਿਆ ਗਿਆ ਹੈ?

ਉੱਤਰ- ਦੋ ਵਰਗਾਂ ਵਿੱਚ:- 1. ਲੰਬਾਤਮਕ ਹਿਲਜੁਲ 2. ਖਤਿਜੀ ਹਿਲਜੁਲ

ਪ੍ਰਸਨ-5. ਚਿੱਤਰ ਖੰਡ ਪਹੇਲੀ ਕੀ ਹੁੰਦੀ ਹੈ ?

ਉੱਤਰ-ਧਰਤੀ ਦੀਆਂ ਪਲੇਟਾਂ ਇੱਕ ਦੂਜੇ ਨਾਲ ਇਸ ਤਰ੍ਹਾਂ ਫਿੱਟ ਹੋ ਜਾਂਦੀਆਂ ਹਨ ਕਿ ਉਨ੍ਹਾਂ ਵਿੱਚ ਜੋੜ ਵੀ ਨਜ਼ਰ ਨਹੀਂ ਆਉਂਦਾ । ਪ੍ਰੰਤੂ ਹਲਕਾ ਜਿਹਾ ਝਟਕਾ ਲੱਗਦੇ ਹੀ ਇਹ ਖਿੱਲਰ ਜਾਂਦੀਆਂ ਹਨ । ਇਸ ਨੂੰ ਚਿੱਤਰ-ਖੰਡ ਪਹੇਲੀ ਕਹਿੰਦੇ ਹਨ।

ਪ੍ਰਸ਼ਨ-6. ਧਰਤੀ ਦੀ ਅਚਨਚੇਤ (ਅਚਾਨਕ) ਹਿਲਜੁਲ ਨਾਲ ਧਰਤੀ ਤੇ ਕੀ ਪ੍ਰਭਾਵ ਪੈਂਦਾ ਹੈ ?

ਉੱਤਰ-ਧਰਤੀ ਦੀ ਅਚਾਨਕ ਹਿਲਜੁਲ ਨਾਲ ਧਰਤੀ ਤੇ ਭੂਚਾਲ ਅਤੇ ਜਵਾਲਾਮੁਖੀ ਆ ਜਾਂਦੇ ਹਨ। ਇਸ ਨਾਲ ਕੁਝ ਹੀ ਸੈਕਿੰਡਾਂ ਵਿੱਚ ਧਰਤੀ ਦੇ ਕਈ ਭਾਗ ਉੱਚੇ ਉੱਠ ਜਾਂਦੇ ਹਨ ਅਤੇ ਕੁਝ ਭਾਗ ਹੇਠਾਂ ਧਸ ਜਾਂਦੇ ਹਨ ।

ਪ੍ਰਸ਼ਨ- 7. ਭੂਚਾਲ ਦੀ ਤੀਬਰਤਾ ਮਾਪਣ ਵਾਲੇ ਦੋ ਪੈਮਾਨਿਆਂ ਦੇ ਨਾਂ ਲਿਖੋ ।

Harbans Gorkhnath

ਉੱਤਰ- 1. ਰਿਚਰ ਸਕੇਲ  2.ਮਾਰਕਾਲੀ ਸਕੇਲ

ਪ੍ਰਸ਼ਨ-8. ਮੈਦਾਨ ਕਿਹੜੀਆਂ ਦੋ ਕਿਰਿਆਵਾਂ ਰਾਂਹੀਂ ਬਣਦੇ ਹਨ ?

ਉੱਤਰ- 1. ਅਪਰਦਨ ਕਿਰਿਆ ਦੁਆਰਾ (ਭੂਮੀਂ ਘਟਣਾ) 2.ਨਿਖੇਪਣ ਕਿਰਿਆ ਦੁਆਰਾ (ਭੂਮੀਂ ਵਧਣਾ)

ਪ੍ਰਸ਼ਨ-9.ਤੱਟਵਰਤੀ ਮੈਦਾਨਾਂ ਬਾਰੇ ਲਿਖੋ।

ਉੱਤਰ- ਤੱਟਵਰਤੀ ਮੈਦਾਨ ਸਮੁੰਦਰੀ ਲਹਿਰਾਂ ਦੁਆਰਾ ਬਣਦੇ ਹਨ ।ਲਹਿਰਾਂ ਸਮੁੰਦਰੀ ਤੱਟਾਂ ਦੇ ਨੇੜੇ ਦੀ ਧਰਤੀ ਨੂੰ ਪੱਧਰਾ ਕਰ ਦਿੰਦੀਆਂ ਹਨ ।ਕੇਰਲ ਦਾ ਮੈਦਾਨ ਇਸੇ ਤਰ੍ਹਾਂ ਬਣਿਆ ਹੈ ।

ਪ੍ਰਸ਼ਨ-10. ਵਲਨ ਪਰਬਤ ਧਰਤੀ ਤੇ ਕਿਵੇਂ ਹੋਂਦ ਵਿੱਚ ਆਏ ?

ਉੱਤਰ- ਵਲਾਂ ਵਾਲੇ ਪਰਬਤਾਂ ਨੂੰ ਵਲਨ ਪਰਬਤ ਕਹਿੰਦੇ ਹਨ । ਜਿਸ ਤਰ੍ਹਾਂ ਮੇਜ ਤੇ ਰੱਖੇ ਕੱਪੜੇ ਨੂੰ ਆਹਮਣੇ-ਸਾਹਮਣਿਓ ਖਿੱਚਣ ਤੇ ਉਸ ਵਿੱਚ ਵਲ ਪੈ ਜਾਂਦੇ ਹਨ ਉਸੇ ਤਰ੍ਹਾਂ ਪਰਬਤਾਂ ਵਿੱਚ ਵੀ ਵਿਰੋਧੀ ਦਬਾਉ ਕਾਰਨ ਕੁਝ ਭਾਗ ਹੇਠਾਂ ਧਸ ਜਾਂਦੇ ਹਨ ਅਤੇ ਕੁਝ ਭਾਗ ਉੱਪਰ ਉੱਠ ਜਾਂਦੇ ਹਨ।ਇਹਨਾਂ ਨੂੰ ਵਲਨ ਪਰਬਤ ਕਹਿੰਦੇ ਹਨ ।

ਪ੍ਰਸ਼ਨ-11. ਪਠਾਰ ਕਿਸ ਤਰਾਂ ਦੇ ਹੁੰਦੇ ਹਨ?

ਉੱਤਰ-ਪਠਾਰ ਭੂਮੀਂ ਦਾ ਅਜਿਹਾ ਭਾਗ ਹੁੰਦੇ ਹਨ ਜੋ ਮੈਦਾਨ ਨਾਲੋਂ ਉੱਚਾ ਪ੍ਰੰਤੂ ਉੱਪਰੋਂ ਪੱਧਰਾ ਹੁੰਦਾ ਹੈ। ਇਹ ਮੇਜ ਦੀ ਤਰ੍ਹਾਂ ਹੁੰਦੇ ਹਨ ।

ਪ੍ਰਸ਼ਨ-12. ਪਠਾਰਾਂ ਧਰਤੀ ਤੇ ਕਿਹੜੀਆਂ ਸ਼ਕਤੀਆਂ ਦੁਆਰਾ ਹੋਂਦ ਵਿੱਚ ਆਉਂਦੀਆਂ ਹਨ ? ਇਹਨਾਂ ਦੇ ਕੀ ਲਾਭ ਹਨ?

ਉੱਤਰ-ਧਰਤੀ ਤੇ ਪਠਾਰਾਂ ਧਰਤੀ ਦੀਆਂ ਅੰਦਰੂਨੀ ਸ਼ਕਤੀਆਂ ਦੁਆਰਾ ਹੋਂਦ ਵਿੱਚ ਆਉਂਦੀਆਂ ਹਨ।

1. ਪਠਾਰਾਂ ਵਿੱਚ ਲੋਹਾ , ਸੋਨਾ, ਚਾਂਦੀ ਜਿਹੇ ਖਣਿਜ ਪਾਏ ਜਾਂਦੇ ਹਨ ।

2. ਪਠਾਰਾਂ ਵਿੱਚ ਪਸ਼ੂਆਂ ਦੇ ਚਰਨ ਲਈ ਵਿਸ਼ਾਲ ਚਰਾਗਾਹਾਂ ਪਾਈਆਂ ਜਾਂਦੀਆਂ ਹਨ ।

3. ਪਠਾਰਾਂ ਵਿੱਚ ਮਿਲਣ ਵਾਲੇ ਜਲ ਝਰਨਿਆਂ ਤੋਂ ਬਿਜਲੀ ਪੈਦਾ ਕੀਤੀ ਜਾਂਦੀ ਹੈ ।

ਪ੍ਰਸ਼ਨ-13. ਪਰਬਤ ਕਿੰਨੀ ਤਰ੍ਹਾਂ ਦੇ ਹਨ ? ਇਹਨਾਂ ਦਾ ਮਨੁੱਖੀ ਜੀਵਨ ਤੇ ਕੀ ਪ੍ਰਭਾਵ ਪੈਂਦਾ ਹੈ ?

ਉੱਤਰ- ਪਰਬਤ ਚਾਰ ਪ੍ਰਕਾਰ ਦੇ ਹੁੰਦੇ ਹਨ :

1. ਵਲਨ ਪਰਬਤ  2. ਉਤਖੰਡ ਪਰਬਤ 3. ਖੁਰੇ ਜਾਂ ਅਵਿਸ਼ਿਸ਼ਟ ਪਰਬਤ  4. ਜਵਾਲਾਮੁਖੀ ਪਰਬਤ

**ਪਰਬਤਾਂ ਦੇ ਲਾਭ**:-1. ਪਰਬਤ ਮਾਨਸੂਨ ਪੌਣਾਂ ਨੂੰ ਰੋਕ ਕੇ ਵਰਖਾ ਲਿਆਉਂਦੇ ਹਨ।

2. ਪਰਬਤਾਂ ਤੋਂ ਅਨੇਕਾਂ ਨਦੀਆਂ ਨਿੱਕਲਦੀਆਂ ਹਨ ਜਿੰਨ੍ਹਾਂ ਦਾ ਪਾਣੀ ਸਿੰਚਾਈ ਲਈ ਵਰਤਿਆ ਜਾਂਦਾ ਹੈ ।

3. ਕਈ ਪਰਬਤੀ ਖੇਤਰਾਂ ਵਿੱਚ ਖਣਿਜ ਪਦਾਰਥ ਪਾਏ ਜਾਂਦੇ ਹਨ ।

4. ਪਰਬਤ ਸਿਹਤ ਅਤੇ ਸੈਰ ਸਪਾਟੇ ਲਈ ਬਹੁਤ ਉਪਯੋਗੀ ਹਨ ।

ਪ੍ਰਸ਼ਨ-14. ਜਵਾਲਾਮੁਖੀ ਪਰਬਤਾਂ ਦੀਆਂ ਕਿਸਮਾਂ ਬਾਰੇ ਲਿਖੋ ।

ਉੱਤਰ- ਵਿਸਫੋਟ ਦੇ ਆਧਾਰ ਤੇ ਜਵਾਲਾਮੁਖੀ ਤਿੰਨ ਪ੍ਰਕਾਰ ਦੇ ਹਨ :-

**1. ਕਿਰਿਆਸ਼ੀਲ ਜਵਾਲਾਮੁਖੀ**- ਜਿੰਨ੍ਹਾਂ ਜਵਾਲਾਮੁਖੀਆਂ ਵਿੱਚ ਸਮੇਂ ਸਮੇਂ ਤੇ ਵਿਸਫੋਟ ਹੁੰਦਾ ਰਹਿੰਦਾ ਹੈ ਉਨ੍ਹਾਂ ਨੂੰ ਕਿਰਿਆਸ਼ੀਲ ਜਵਾਲਾਮੁਖੀ ਕਿਹਾ ਜਾਂਦਾ ਹੈ ।ਇੱਥੋਂ ਅਕਸਰ ਲਾਵਾ ਅਤੇ ਭਾਫ ਨਿੱਕਲਦੇ ਰਹਿੰਦੇ ਹਨ ।

Harbans Gorkhnath

**2. ਪ੍ਰਸੁਪਤ ਜਵਾਲਾਮੁਖੀ (ਸੁੱਤੇ ਹੋਏ ਜਵਾਲਾਮੁਖੀ)**- ਇਹ ਉਹ ਜਵਾਲਾਮੁਖੀ ਹਨ ਜਿੰਨ੍ਹਾਂ ਵਿੱਚ ਇਤਿਹਾਸ ਕਾਲ ਦੇ ਸ਼ੁਰੂ ਵਿੱਚ ਵਿਸਫੋਟ ਹੋਇਆ ਸੀ , ਪ੍ਰੰਤੂ ਹੁਣ ਸ਼ਾਂਤ ਹਨ।

**3.ਬੁੱਝਿਆ ਹੋਇਆ ਜਵਾਲਾਮੁਖੀ-** ਇਹ ਉਹ ਜਵਾਲਾਮੁਖੀ ਹਨ ਜਿੰਨਾਂ ਵਿੱਚ ਇਤਿਹਾਸ ਕਾਲ ਵਿੱਚ ਵਿਸਫੋਟ ਨਹੀਂ ਹੋਇਆ।

**ਪ੍ਰਸ਼ਨ(ਸ) ਸਹੀ ਜੋੜੇ ਬਣਾਓ:-**

| | |
|---|---|
| ਉੱਤਰ:- 1. ਸ਼ਾਂਤ ਮਹਾਂਸਾਗਰ | ਜਵਾਲਾ ਚੱਕਰ |
| 2. ਮਹਾਂਦੀਪੀ ਪਠਾਰ | ਦੱਖਣੀ ਭਾਰਤ |
| 3. ਲੋਨਾਰ ਝੀਲ | ਮਹਾਂਰਾਸ਼ਟਰ |
| 4. ਵਲਨ ਪਰਬਤ | ਹਿਮਾਲਿਆ |
| 5. ਰਿਕਟਰ ਸਕੇਲ | ਭੂਚਾਲ |

## ਪਾਠ-13 ਦਿੱਲੀ ਸਲਤਨਤ

**ਪ੍ਰਸ਼ਨ- 1. ਦਿੱਲੀ ਸਲਤਨਤ ਦੇ ਪ੍ਰਮੁੱਖ ਇਤਿਹਾਸਕ ਸ੍ਰੋਤਾਂ ਦੇ ਨਾਂ ਲਿਖੋ।**

ਉੱਤਰ- 1.ਵਿਦੇਸ਼ੀ ਯਾਤਰੀਆਂ ਦੇ ਲੇਖ 2. ਸ਼ਾਹੀ ਬਿਰਤਾਂਤ 3. ਇਤਿਹਾਸਕ ਭਵਨ ।

**ਪ੍ਰਸ਼ਨ- 2.ਦਿੱਲੀ ਸਲਤਨਤ ਦੇ ਇਤਿਹਾਸ ਦਾ ਨਿਰਮਾਣ ਕਰਨ ਲਈ ਇਤਿਹਾਸਕ ਇਮਾਰਤਾਂ ਨੇ ਕੀ ਯੋਗਦਾਨ ਪਾਇਆ ?**

ਉੱਤਰ- ਦਿੱਲੀ ਦੀਆਂ ਇਤਿਹਾਸਕ ਇਮਾਰਤਾਂ ਜਿਵੇਂ ਅਲਾਈ ਦਰਵਾਜ਼ਾ, ਹਉਜ਼ ਖਾਸ, ਲੋਧੀ ਗੁਬੰਦ ਆਦਿ ਤੋਂ ਸਾਨੂੰ ਦਿੱਲੀ ਦੇ ਸੁਲਤਾਨਾ ਦੀਆਂ ਕਲਾਤਮਕ ਰੁਚੀਆਂ ਦੀ ਜਾਣਕਾਰੀ ਮਿਲਦੀ ਹੈ।

**ਪ੍ਰਸ਼ਨ- 3. ਬਲਬਨ ਨੇ ਸਲਤਨਤ ਦਾ ਸੰਨਠਨ ਕਿਵੇਂ ਕੀਤਾ?**

ਉੱਤਰ- ਬਲਬਨ 1266 ਈ: ਵਿੱਚ ਦਿੱਲੀ ਦਾ ਸੁਲਤਾਨ ਬਣਿਆ।ਉਸ ਨੇ ਲੁਟੇਰਿਆਂ ਤੇ ਕਾਬੂ ਪਾਇਆ।ਉਸਨੇ ਬੰਗਾਲ ਵਿੱਚ ਤੁਗਰਿਲ ਖਾਂ ਦੇ ਵਿਦਰੋਹ ਨੂੰ ਕੁਚਲ ਦਿੱਤਾ। ਉਸ ਨੇ ਸੈਨਾ ਦਾ ਪੁਨਰਗਠਨ ਕੀਤਾ।ਬਲਬਨ ਨੇ ਮੰਗੋਲਾਂ ਵਿਰੁੱਧ ਸਖਤ ਨੀਤੀ ਅਪਣਾਈ ਜਿਸਨੂੰ ਲਹੂ ਅਤੇ ਲੋਹੇ ਦੀ ਨੀਤੀ ਕਿਹਾ ਜਾਂਦਾ ਹੈ।

**ਪ੍ਰਸ਼ਨ- 4. ਮੁਹੰਮਦ ਬਿਨ ਤੁਗਲਕ ਨੇ ਆਪਣੀ ਰਾਜਧਾਨੀ ਦਿੱਲੀ ਤੋਂ ਦੇਵਗਿਰੀ ਕਿਉਂ ਬਦਲੀ ਸੀ?**

ਉੱਤਰ-1.ਰਾਜ ਦੀ ਮੰਗੋਲਾਂ ਦੇ ਹਮਲੇ ਤੋਂ ਰੱਖਿਆ ਕਰਨ ਲਈ।

2. ਸਾਮਰਾਜ ਦੇ ਸਾਸ਼ਨ ਪ੍ਰਬੰਧ ਨੂੰ ਚੰਗੀ ਤਰ੍ਹਾਂ ਚਲਾਉਣ ਲਈ ।

**ਪ੍ਰਸ਼ਨ- 5. ਮੁਹੰਮਦ ਬਿਨ ਤੁਗਲਕ ਦੀਆਂ ਯੋਜਨਾਵਾਂ ਦੇ ਕੀ ਸਿੱਟੇ ਨਿੱਕਲੇ?**

ਉੱਤਰ- ਉਸ ਦੀ ਦਿੱਲੀ ਤੋਂ ਦੇਵਗਿਰੀ ਰਾਜਧਾਨੀ ਬਦਲਣ ਦੀ ਯੋਜਨਾ ਅਸਫਲ ਹੋ ਗਈ। ਲੰਬੀ ਯਾਤਰਾ ਕਰਕੇ ਅਨੇਕਾ ਲੋਕ ਰਾਹ ਵਿੱਚ ਹੀ ਮਰ ਗਏ।ਉਸਨੇ ਸੋਨੇ ਚਾਂਦੀ ਦੀ ਥਾਂ ਤੇ ਕਾਂਸੇ ਦੇ ਸਿੱਕੇ ਚਲਾਏ।ਲੋਕਾਂ ਨੇ ਨਕਲੀ ਸਿੱਕੇ ਬਣਾ ਲਏ। ਇਸ ਨਾਲ ਸ਼ਾਹੀ ਖਜਾਨੇ ਨੂੰ ਬਹੁਤ ਨੁਕਸਾਨ ਹੋਇਆ।

**ਖਾਲੀ ਥਾਵਾਂ ਭਰੋ:-**

1.ਦਾਸ ਵੰਸ਼ 2.ਇਲਤੁਤਮਿਸ਼ 3. 1211 4. ਰਜ਼ੀਆ ਸੁਲਤਾਨਾ 5. ਅਲਾਉੱਦੀਨ ਖਿਲਜੀ 6. ਦਿੱਲੀ 7. ਤੁਗਲਕ

Harbans Gorkhnath

**ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ:-**

1. (√) 2. (X) 3. (√) 4. (X) 5. (X)

## ਪਾਠ-14 ਮੁਗਲ ਸਾਮਰਾਜ

**ਪ੍ਰਸ਼ਨ-1. ਦੌਲਤ ਖਾਂ ਲੋਧੀ ਅਤੇ ਰਾਣਾ ਸਾਂਗਾ ਨੇ ਬਾਬਰ ਨੂੰ ਭਾਰਤ ਤੇ ਹਮਲਾ ਕਰਨ ਲਈ ਸੱਦਾ ਕਿਉਂ ਭੇਜਿਆ ਸੀ ?**

ਉੱਤਰ-ਦਿੱਲੀ ਦੇ ਸੁਲਤਾਨ ਇਬਰਾਹਿਮ ਲੋਧੀ ਨੇ ਪੰਜਾਬ ਦੇ ਸੂਬੇਦਾਰ ਦੌਲਤ ਖਾਂ ਲੋਧੀ ਨਾਲ ਬੁਰਾ ਵਿਵਹਾਰ ਕੀਤਾ ਸੀ।ਉਹ ਰਾਣਾ ਸਾਂਗਾ ਨਾਲ ਮਿਲ ਕੇ ਲੋਧੀ ਰਾਜ ਦਾ ਅੰਤ ਕਰਨਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਬਾਬਰ ਨੂੰ ਹਮਲਾ ਕਰਨ ਲਈ ਸੱਦਾ ਭੇਜਿਆ।

**ਪ੍ਰਸ਼ਨ-2. ਬਾਬਰ ਦੀਆਂ ਜਿੱਤਾਂ ਬਾਰੇ ਤੁਸੀਂ ਕੀ ਜਾਣਦੇ ਹੋਂ ?**

ਉੱਤਰ- ਬਾਬਰ ਨੇ 1526 ਈ: ਵਿੱਚ ਪਾਣੀਪਤ ਦੀ ਪਹਿਲੀ ਲੜਾਈ ਵਿੱਚ ਇਬਰਾਹਿਮ ਲੋਧੀ ਨੂੰ ਹਰਾਇਆ ।ਉਸ ਨੇ ਰਾਜਪੂਤ ਰਾਜੇ ਰਾਣਾ ਸਾਂਗਾ ਨੂੰ 1527 ਵਿੱਚ ਕਾਨਵਾਹ ਦੀ ਲੜਾਈ ਵਿੱਚ ਹਰਾਇਆ ।ਬਾਬਰ ਨੇ ਅਫਗਾਨਾਂ ਨੂੰ ਵੀ ਬੁਰੀ ਤਰ੍ਹਾਂ ਹਰਾਇਆ।

**ਪ੍ਰਸ਼ਨ-3. ਮਨਸਬਦਾਰੀ ਪ੍ਰਣਾਲੀ ਤੋਂ ਕੀ ਭਾਵ ਹੈ ?**

ਉੱਤਰ- ਮਨਸਬ ਦਾ ਭਾਵ ਹੈ ਅਹੁਦਾ । ਮਨਸਬਦਾਰੀ ਪ੍ਰਣਾਲੀ ਨਾਲ ਮੁਗਲ ਦਰਬਾਰ ਵਿੱਚ ਕਰਮਚਾਰੀਆਂ ਦੀ ਆਮਦਨ ਅਤੇ ਰੁਤਬਾ ਨਿਸ਼ਚਿਤ ਕੀਤੇ ਜਾਂਦੇ ਸਨ ।ਉਸ ਸਮੇਂ ਮਨਸਬਦਾਰਾਂ ਦੀਆਂ 33 ਸ਼੍ਰੇਣੀਆਂ ਸਨ। ਬਾਦਸ਼ਾਹ ਕਿਸੇ ਵੀ ਮਸਬਦਾਰ ਨੂੰ ਤਰੱਕੀ ਦੇ ਸਕਦਾ ਸੀ ਜਾਂ ਉਸ ਨੂੰ ਹਟਾ ਸਕਦਾ ਸੀ ।

**ਪ੍ਰਸ਼ਨ-4. ਅਕਬਰ ਦੀਆਂ ਜਿੱਤਾਂ ਬਾਰੇ ਲਿਖੋ ।**

ਉੱਤਰ- ਅਕਬਰ ਨੇ ਰਾਜਗੱਦੀ ਤੇ ਬੈਠਣ ਮਗਰੋਂ 1556 ਈ: ਵਿੱਚ ਪਾਨੀਪਤ ਦੀ ਦੂਜੀ ਲੜਾਈ ਵਿੱਚ ਹੇਮੂੰ ਨੂੰ ਹਰਾਇਆ ਅਤੇ ਦਿੱਲੀ ਤੇ ਅਧਿਕਾਰ ਕਰ ਲਿਆ ।ਉਸ ਨੇ ਰਾਜਪੂਤਾਂ ਦੇ ਪ੍ਰਦੇਸ਼, ਗੁਜਰਾਤ, ਬਿਹਾਰ-ਬੰਗਾਲ, ਬੀਜਾਪੁਰ, ਗੋਲਕੁੰਡਾ ਅਤੇ ਖਾਨਦੇਸ਼ ਆਦਿ ਪ੍ਰਦੇਸ਼ ਜਿੱਤ ਕੇ ਆਪਣੇ ਰਾਜ ਦਾ ਵਿਸਥਾਰ ਕੀਤਾ ।

**ਪ੍ਰਸ਼ਨ-5. ਮੁਗਲਾਂ ਦੀ ਭੂਮੀਂ ਲਗਾਨ ਪ੍ਰਣਾਲੀ ਤੋਂ ਕੀ ਭਾਵ ਹੈ ?**

ਉੱਤਰ- ਭੂਮੀਂ ਲਗਾਨ ਮੁਗਲਾਂ ਦੀ ਆਮਦਨ ਦਾ ਮੁੱਖ ਸਾਧਨ ਸੀ । ਟੋਡਰ ਮੱਲ ਅਕਬਰ ਦਾ ਲਗਾਨ ਮੰਤਰੀ ਸੀ ।ਉਸ ਨੇ ਸਾਰੀ ਭੂਮੀਂ ਦਾ ਮਾਪ ਕਰਵਾ ਕੇ ਉਪਜ ਦੇ ਹਿਸਾਬ ਨਾਲ ਲਗਾਨ ਨਿਸ਼ਚਿਤ ਕੀਤਾ ।

**ਪ੍ਰਸ਼ਨ-6. ਅਕਬਰ ਨੇ ਭੂਮੀਂ ਦੀ ਦਰਜਾਬੰਦੀ ਕਿਵੇਂ ਕੀਤੀ ?**

ਉੱਤਰ- ਅਕਬਰ ਨੇ ਸਾਰੀ ਭੂਮੀਂ ਨੂੰ **ਚਾਰ** ਭਾਗਾਂ ਵਿੱਚ ਵੰਡਿਆ :-

1. **ਪੋਲਜ਼ ਭੂਮੀਂ**-ਇਹ ਬਹੁਤ ਹੀ ਉਪਜਾਊ ਭੂਮੀਂ ਸੀ ।ਇਸ ਵਿੱਚ ਕਿਸੇ ਵੀ ਸਮੇਂ ਕੋਈ ਵੀ ਫਸਲ ਬੀਜੀ ਜਾ ਸਕਦੀ ਸੀ ।
2. **ਪਰੌਤੀ ਭੂਮੀਂ**- ਇਸ ਵਿੱਚ ਇੱਕ ਜਾਂ ਦੋ ਸਾਲਾਂ ਬਾਅਦ ਫਸਲ ਬੀਜੀ ਜਾਂਦੀ ਸੀ ।
3. **ਛੱਛਰ ਭੂਮੀਂ**- ਇਸ ਵਿੱਚ 3-4 ਸਾਲਾਂ ਬਾਅਦ ਫਸਲ ਬੀਜੀ ਜਾ ਸਕਦੀ ਸੀ ।
4. **ਬੰਜਰ ਭੂਮੀਂ**- ਇਸ ਵਿੱਚ 5-6 ਸਾਲਾਂ ਬਾਅਦ ਫਸਲ ਬੀਜੀ ਜਾ ਸਕਦੀ ਸੀ ।

**ਪ੍ਰਸ਼ਨ-7. ਕਨਕੂਤ ਪ੍ਰਣਾਲੀ ਤੋਂ ਤੁਹਾਡਾ ਕੀ ਭਾਵ ਹੈ ?**

ਉੱਤਰ-ਮੁਗਲ ਸਾਮਰਾਜ ਵਿੱਚ ਕਿਸਾਨਾਂ ਤੋਂ ਟੈਕਸ(ਲਗਾਨ) ਫਸਲ ਦੀ ਉਪਜ ਤੋਂ ਲਿਆ ਜਾਂਦਾ ਸੀ।ਕਨਕੂਤ ਪ੍ਰਣਾਲੀ ਅਨੁਸਾਰ ਸਰਕਾਰ ਖੇਤਾਂ ਵਿੱਚ ਖੜ੍ਹੀ ਫਸਲ ਦਾ ਅਨੁਮਾਨ ਲਗਾ ਕੇ ਲਗਾਨ ਨਿਸ਼ਚਿਤ ਕਰ ਦਿੰਦੀ ਸੀ ।

**ਪ੍ਰਸ਼ਨ-8. ਬਟਾਈ ਪ੍ਰਣਾਲੀ ਤੋਂ ਤੁਹਾਡਾ ਕੀ ਭਾਵ ਹੈ ?**

Harbans Gorkhnath

ਉੱਤਰ- ਬਟਾਈ ਪ੍ਰਣਾਲੀ ਅਨੁਸਾਰ ਜਦੋਂ ਫਸਲ ਕੱਟ ਲਈ ਜਾਂਦੀ ਸੀ ਤਾਂ ਉਸ ਨੂੰ ਤਿੰਨ ਭਾਗਾਂ ਵਿੱਚ ਵੰਡ ਲਿਆ ਜਾਂਦਾ ਸੀ। ਇੱਕ ਭਾਗ ਸਰਕਾਰ ਦਾ ਅਤੇ ਦੋ ਭਾਗ ਕਿਸਾਨ ਦੇ ਹੁੰਦੇ ਸਨ ।

**ਪ੍ਰਸ਼ਨ-9. ਨਸਕ ਪ੍ਰਣਾਲੀ ਤੋਂ ਤੁਹਾਡਾ ਕੀ ਭਾਵ ਹੈ ?**

ਉੱਤਰ- ਨਸਕ ਪ੍ਰਣਾਲੀ ਅਨੁਸਾਰ ਸਾਰੇ ਪਿੰਡ ਦੀ ਖੜ੍ਹੀ ਫਸਲ ਦਾ ਇੱਕਠਾ ਅਨੁਮਾਨ ਲਗਾ ਕੇ ਲਗਾਨ ਨਿਸ਼ਚਿਤ ਕੀਤਾ ਜਾਂਦਾ ਸੀ।

**ਖਾਲੀ ਥਾਵਾਂ ਭਰੋ:-**

1.ਬਾਬਰ 2. ਰਾਣਾ ਸਾਂਗਾ 3. 1556 ਈ: ਵਿੱਚ ਪਾਣੀਪਤ ਦੇ ਮੈਦਾਨ ਵਿੱਚ 4. ਬਾਬਰਨਾਮਾ (ਤੁਜਕ-ਏ-ਬਾਬਰੀ)

5. ਅਕਬਰਨਾਮਾ

**ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ:-**

1. (√) 2. (√) 3. (X) 4. (X) 5. (X)

## ਪਾਠ-4

## ਵਾਯੂਮੰਡਲ ਅਤੇ ਤਾਪਮਾਨ

**ਪ੍ਰਸ਼ਨ-1. ਵਾਯੂਮੰਡਲ ਕਿਸ ਨੂੰ ਕਹਿੰਦੇ ਹਨ?**

ਉੱਤਰ- ਧਰਤੀ ਦੇ ਆਲੇ-ਦੁਆਲੇ ਹਵਾ ਦਾ ਇੱਕ ਘੇਰਾ ਜਾਂ ਗਿਲਾਫ ਬਣਿਆ ਹੋਇਆ ਹੈ ਇਸ ਨੂੰ ਵਾਯੂਮੰਡਲ ਆਖਦੇ ਹਨ ।

**ਪ੍ਰਸ਼ਨ-2. ਵਾਯੂਮੰਡਲ ਕਿੰਨੀ ਉਚਾਈ ਤੱਕ ਫੈਲਿਆ ਹੋਇਆ ਹੈ?**

ਉੱਤਰ- ਵਾਯੂਮੰਡਲ 1600 ਕਿਲੋਮੀਟਰ ਦੀ ਉਚਾਈ ਤੱਕ ਫੈਲਿਆ ਹੋਇਆ ਹੈ ਪ੍ਰੰਤੂ 90% ਹਵਾ 32 ਕਿਲੋਮੀਟਰ ਦੇ ਘੇਰੇ ਵਿੱਚ ਹੀ ਹੈ ।

**ਪ੍ਰਸ਼ਨ-3. ਭੂਗੋਲ ਵਿੱਚ ਅਸੀਂ ਵਾਯੂਮੰਡਲ ਦਾ ਅਧਿਐਨ ਕਿਉਂ ਕਰਦੇ ਹਾਂ?**

ਉੱਤਰ- ਕਿਉਂਕਿ ਵਾਯੂਮੰਡਲ ਧਰਤੀ ਤੇ ਹਰ ਤਰ੍ਹਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ ।

**ਪ੍ਰਸ਼ਨ-4. ਵਾਯੂਮੰਡਲ ਦੀਆਂ ਤਹਿਆਂ ਦੇ ਨਾਂ ਲਿਖੋ ।**

ਉੱਤਰ- ਵਾਯੂਮੰਡਲ ਦੀਆਂ ਚਾਰ ਮੁੱਖ ਤਹਿਆਂ ਹਨ :-

1. ਅਸ਼ਾਂਤੀ ਮੰਡਲ 2. ਸਮਤਾਪ ਮੰਡਲ 3. ਮੱਧਵਰਤੀ ਮੰਡਲ 4. ਤਾਪ ਮੰਡਲ

**ਪ੍ਰਸ਼ਨ-5. ਸਮਤਾਪ ਸੀਮਾਂ ਕਿਸਨੂੰ ਆਖਦੇ ਹਨ ?**

ਉੱਤਰ- ਸਮਤਾਪ ਮੰਡਲ ਦੀ ਉੱਪਰਲੀ ਸੀਮਾਂ ਨੂੰ ਸਮਤਾਪ ਸੀਮਾਂ ਆਖਦੇ ਹਨ ।

**ਪ੍ਰਸ਼ਨ- 6. ਬਾਹਰੀ ਮੰਡਲ ਤੋਂ ਕੀ ਭਾਵ ਹੈ?**

ਉੱਤਰ- ਵਾਯੂਮੰਡਲ ਦੀ ਬਾਹਰੀ ਪਰਤ ਨੂੰ ਬਾਹਰੀ ਮੰਡਲ ਕਹਿੰਦੇ ਹਨ। ਇਸ ਪਰਤ ਵਿੱਚ ਹਾਈਡ੍ਰੋਜਨ ਅਤੇ ਹੀਲੀਅਮ ਗੈਸਾ ਹੁੰਦੀਆਂ ਹਨ।

**ਪ੍ਰਸ਼ਨ-7. ਵਾਯੂਮੰਡਲ ਵਿੱਚ ਗੈਸਾਂ ਤੋਂ ਇਲਾਵਾ ਹੋਰ ਕਿਹੜੇ ਅੰਸ਼ ਪਾਏ ਜਾਂਦੇ ਹਨ ?**

Harbans Gorkhnath

ਉੱਤਰ- ਜਲ ਵਾਸ਼ਪ ਅਤੇ ਧੂੜ ਕਣ ।

**ਪ੍ਰਸ਼ਨ-8. ਹਵਾ ਦਾ ਪ੍ਰਦੂਸ਼ਣ ਕਿਸਨੂੰ ਆਖਦੇ ਹਨ?**

ਉੱਤਰ- ਹਵਾ ਦੇ ਗੰਧਲੀ ਹੋਣ ਨੂੰ ਹਵਾ ਦਾ ਪ੍ਰਦੂਸ਼ਣ ਆਖਦੇ ਹਨ। ਧੂਆਂ, ਧੂੜ-ਕਣ, ਕੀਟਨਾਸ਼ਕ ਦਵਾਈਆਂ ਅਤੇ ਗੰਦਗੀ ਹਵਾ ਦੇ ਪ੍ਰਦੂਸ਼ਣ ਦੇ ਮੁੱਖ ਕਾਰਨ ਹਨ ।

**ਪ੍ਰਸ਼ਨ-9. ਤਾਪਮਾਨ ਕੀ ਹੁੰਦਾ ਹੈ? ਇਸ ਨੂੰ ਮਾਪਣ ਲਈ ਕਿਹੜੇ ਪੈਮਾਨੇ ਵਰਤੇ ਜਾਂਦੇ ਹਨ?**

ਉੱਤਰ- ਕਿਸੇ ਜੀਵ , ਵਸਤੂ ਜਾਂ ਜਗ੍ਹਾ ਅੰਦਰ ਮੋਜੂਦ ਗਰਮੀਂ ਨੂੰ ਉਸਦਾ ਤਾਪਮਾਨ ਕਿਹਾ ਜਾਂਦਾ ਹੈ ।ਇਸਨੂੰ ਸੈਲਸੀਅਸ (C) ਅਤੇ ਫਾਰਨਹੀਟ (F) ਵਿੱਚ ਮਾਪਿਆ ਜਾਂਦਾ ਹੈ ।

**ਪ੍ਰਸ਼ਨ-10. ਭੂ-ਮੱਧ ਰੇਖਾ ਤੇ ਤਾਪਮਾਨ ਵੱਧ ਕਿਉਂ ਹੁੰਦਾ ਹੈ?**

ਉੱਤਰ- ਭੂ-ਮੱਧ ਰੇਖਾ ਤੇ ਸੂਰਜ ਦੀਆਂ ਕਿਰਨਾਂ ਸਿੱਧੀਆਂ ਪੈਂਦੀਆਂ ਹਨ । ਇਸ ਲਈ ਇੱਥੇ ਤਾਪਮਾਨ ਵਧੇਰੇ ਹੁੰਦਾ ਹੈ ।

**ਪ੍ਰਸ਼ਨ-11. ਦਿਨ ਅਤੇ ਰਾਤ ਦੇ ਤਾਪਮਾਨ ਵਿੱਚ ਅੰਤਰ ਕਿਉਂ ਹੁੰਦਾ ਹੈ?**

ਉੱਤਰ- ਦਿਨ ਸਮੇਂ ਧਰਤੀ ਸੂਰਜ ਤੋਂ ਗਰਮੀਂ ਪ੍ਰਾਪਤ ਕਰਦੀ ਹੈ ਅਤੇ ਰਾਤ ਸਮੇਂ ਛੱਡਦੀ ਹੈ। ਇਸ ਲਈ ਦਿਨ ਦੇ ਸਮੇਂ ਤਾਪਮਾਨ ਵੱਧ ਹੁੰਦਾ ਹੈ ਅਤੇ ਰਾਤ ਦੇ ਸਮੇਂ ਘੱਟ ।

**ਪ੍ਰਸ਼ਨ-12. ਸ਼ਿਮਲੇ ਦਾ ਤਾਪਮਾਨ ਚੰਡੀਗੜ੍ਹ ਤੋਂ ਘੱਟ ਕਿਉਂ ਰਹਿੰਦਾ ਹੈ ?**

ਉੱਤਰ- ਸ਼ਿਮਲਾ ਚੰਡੀਗੜ੍ਹ ਨਾਲੋਂ ਜਿਆਦਾ ਉਚਾਈ ਤੇ ਸਥਿੱਤ ਹੈ । ਜਿਵੇਂ-ਜਿਵੇਂ ਅਸੀ ਵੱਧ ਉਚਾਈ ਤੇ ਜਾਂਦੇ ਹਾਂ ਤਾਂ ਤਾਪਮਾਨ ਘਟਦਾ ਜਾਂਦਾ ਹੈ । ਇਸ ਲਈ ਸ਼ਿਮਲਾ ਚੰਡੀਗੜ੍ਹ ਨਾਲੋਂ ਠੰਢਾ ਹੈ ।

**ਪ੍ਰਸ਼ਨ-13. ਹਵਾ ਦੇ ਮੁੱਖ ਕਾਰਕਾਂ ਦੀ ਸੰਖੇਪ ਜਾਣਕਾਰੀ ਦਿਓ ।**

ਉੱਤਰ-**(ੳ) ਠੋਸ ਕਾਰਕ**- 1. ਜਵਾਲਾਮੁਖੀ ਹਵਾ ਨੂੰ ਧੂੜ ਕਣਾਂ ਰਾਹੀਂ ਪ੍ਰਦੂਸ਼ਿਤ ਕਰਦੇ ਹਨ ।

2. ਈਧਣ ਦੇ ਜਲਣ ਦੇ ਬਾਅਦ ਕਾਰਬਨ ਦੇ ਕਣ ਹਵਾ ਵਿੱਚ ਜਮਾਂ ਹੋ ਜਾਂਦੇ ਹਨ ਅਤੇ ਹਵਾ ਨੂੰ ਪ੍ਰਦੂਸ਼ਿਤ ਕਰਦੇ ਹਨ।

**(ਅ) ਗੈਸੀ ਕਾਰਕ** - 1. ਮੋਟਰ -ਗੱਡੀਆਂ ਅਤੇ ਫੈਕਟਰੀਆਂ ਦਾ ਧੂਆਂ ਹਵਾ ਨੂੰ ਪ੍ਰਦੂਸ਼ਿਤ ਕਰਦਾ ਹੈ ।

2. ਸਮੋਗ (ਧੂਏਂ ਅਤੇ ਧੁੰਦ ਦਾ ਮਿਸ਼ਰਨ) ਹਵਾ ਨੂੰ ਪ੍ਰਦੂਸ਼ਿਤ ਕਰਦਾ ਹੈ ।

**ਪ੍ਰਸ਼ਨ-14. ਵਾਯੂਮੰਡਲ ਦੀ ਹੇਠਲੀ ਤਹਿ ਨੂੰ ਕੀ ਆਖਦੇ ਹਨ? ਇਸ ਬਾਰੇ ਜਾਣਕਾਰੀ ਦਿਓ ।**

ਉੱਤਰ- ਵਾਯੂਮੰਡਲ ਦੀ ਹੇਠਲੀ ਤਹਿ ਨੂੰ ਅਸ਼ਾਂਤ ਮੰਡਲ ਜਾਂ ਅਧੋ- ਮੰਡਲ ਆਖਦੇ ਹਨ ।ਇਹ ਵਾਯੂਮੰਡਲ ਦੀ ਸਭ ਤੋਂ ਸੰਘਣੀ ਤਹਿ ਹੈ।ਇਸ ਦੀ ਔਸਤ ਉਚਾਈ 12 ਕਿ:ਮੀ: ਹੈ ।ਸਾਰੇ ਵਾਯੂਮੰਡਲ ਦੀ 75% ਹਵਾ ਇਸੇ ਤਹਿ ਵਿੱਚ ਪਾਈ ਜਾਂਦੀ ਹੈ । ਵਰਖਾ, ਬੱਦਲ, ਹਨੇਰੀ, ਤੁਫਾਨ ਆਦਿ ਇਸੇ ਤਹਿ ਵਿੱਚ ਆਉਂਦੇ ਹਨ ।

**ਪ੍ਰਸ਼ਨ-15. ਹਵਾ ਵਿੱਚ ਮੁੱਖ ਗੈਸਾਂ ਦੇ ਮਿਸ਼ਰਨ ਬਾਰੇ ਲਿਖੋ।**

ਉੱਤਰ- ਨਾਈਟ੍ਰੋਜਨ- 78.03 % , ਆਕਸੀਜਨ- 20.99%

ਆਰਗਨ- 0.94% , ਕਾਰਬਨ-ਡਾਇਆਕਸਾਈਡ- 0.03%

ਹਾਈਡ੍ਰੋਜਨ- 0.01% , ਧੂੜ ਕਣ ਅਤੇ ਜਲ ਵਾਸ਼ਪ ।

Harbans Gorkhnath

**ਪ੍ਰਸ਼ਨ-16. ਵਾਯੂਮੰਡਲ ਵਿੱਚ ਓਜ਼ੋਨ ਗੈਸ ਕਿੱਥੇ ਪਾਈ ਜਾਂਦੀ ਹੈ ਅਤੇ ਇਸਦੀ ਕੀ ਮਹੱਤਤਾ ਹੈ ?**

ਉੱਤਰ- ਵਾਯੂਮੰਡਲ ਵਿੱਚ ਓਜ਼ੋਨ ਗੈਸ ਸਮਤਾਪ ਮੰਡਲ ਵਿੱਚ ਪਾਈ ਜਾਂਦੀ ਹੈ ।ਇਹ ਗੈਸ ਸੂਰਜ ਤੋਂ ਆਉਣ ਵਾਲੀਆਂ ਹਾਨੀਕਾਰਕ ਪਰਾਂਬੈਂਗਣੀ ਕਿਰਨਾਂ ਨੂੰ ਸੋਖ ਲੈਂਦੀ ਹੈ ਅਤੇ ਸਾਨੂੰ ਹਾਨੀਕਾਰਕ ਤੱਤਾਂ ਤੋਂ ਬਚਾਉਂਦੀ ਹੈ।

**ਖਾਲੀ ਥਾਵਾਂ ਭਰੋ :-**

ਉੱਤਰ- 1. ਘੱਟਦਾ 2. ਸੂਰਜ , ਧਰਤੀ ਦੇ ਅੰਦਰੂਨੀ ਭਾਗ 3. ਪਰਾਂਬੈਂਗਣੀ 4.ਆਇਨ ਜਾਂ ਤਾਪ 5. ਰੇਡੀਓ 6. ਨਾਈਟ੍ਰੋਜਨ

# ਪਾਠ-22

## ਲੋਕਤੰਤਰ- ਸੰਸਥਾਤਮਕ ਪ੍ਰਤੀਨਿਧਤਾ

**ਪ੍ਰਸ਼ਨ-1. ਸਰਵ-ਵਿਆਪਕ ਮਤ ਅਧਿਕਾਰ ਤੋਂ ਕੀ ਭਾਵ ਹੈ ?**

ਉੱਤਰ- ਜਦੋਂ ਬਿਨਾ ਕਿਸੇ ਭੇਦ ਭਾਵ ਦੇ ਦੇਸ਼ ਦੇ ਸਾਰੇ ਬਾਲਗ ਨਾਗਰਿਕਾ ਨੂੰ ਮਤ (ਵੋਟ) ਦੇਣ ਦਾ ਅਧਿਕਾਰ ਹੁੰਦਾ ਹੈ ਤਾਂ ਉਸਨੂੰ ਸਰਵ-ਵਿਆਪਕ ਮਤ ਅਧਿਕਾਰ ਕਿਹਾ ਜਾਂਦਾ ਹੈ।

**ਪ੍ਰਸ਼ਨ-2. ਚੋਣ ਪ੍ਰਕਿਰਿਆ ਦੀਆਂ ਕੋਈ ਦੋ ਸਟੇਜਾਂ ਦਾ ਵਰਣਨ ਕਰੋ ।**

ਉੱਤਰ-**1. ਚੋਣਾ ਦੀ ਤਾਰੀਕ ਦਾ ਐਲਾਨ**- ਚੋਣ ਕਮਿਸ਼ਨ ਦੁਆਰਾ ਚੋਣਾ ਕਰਵਾਉਣ ਦੀ ਤਾਰੀਕ ਦਾ ਐਲਾਨ ਕੀਤਾ ਜਾਂਦਾ ਹੈ ।

**2. ਉਮੀਦਵਾਰਾਂ ਦੀ ਚੋਣ**- ਵੱਖ -ਵੱਖ ਰਾਜਨੀਤਿਕ ਦਲ ਚੋਣ ਲੜਣ ਲਈ ਆਪਣੇ ਆਪਣੇ ਉਮੀਦਵਾਰਾਂ ਦੀ ਚੋਣ ਕਰਦੇ ਹਨ।

**ਪ੍ਰਸ਼ਨ-3.ਪ੍ਰਤੀਨਿਧੀ ਸਰਕਾਰ ਕਿਹੜੀ ਸਰਕਾਰ ਨੂੰ ਕਿਹਾ ਜਾਂਦਾ ਹੈ?**

ਉੱਤਰ- ਲੋਕਤੰਤਰ ਵਿੱਚ ਨਾਗਰਿਕ ਸਰਕਾਰ ਚਲਾਉਣ ਲਈ ਆਪਣੇ ਪ੍ਰਤੀਨਿਧੀ ਚੁਣਦੇ ਹਨ। ਇਸ ਸਰਕਾਰ ਨੂੰ ਹੀ ਪ੍ਰਤੀਨਿਧੀ ਸਰਕਾਰ ਕਿਹਾ ਜਾਂਦਾ ਹੈ।

**ਪ੍ਰਸ਼ਨ-4. ਲੋਕਤੰਤਰ ਵਿੱਚ ਪ੍ਰਤੀਨਿਧਤਾ ਦਾ ਕੀ ਮਹੱਤਵ ਹੈ?**

ਉੱਤਰ- ਲੋਕਤੰਤਰ ਵਿੱਚ ਜਨਤਾ ਆਪਣੇ ਪ੍ਰਤੀਨਿਧਾ ਰਾਹੀਂ ਸ਼ਾਸ਼ਨ ਕਰਦੀ ਹੈ ਕਿਉਂਕਿ ਰਾਜਾਂ ਦੀ ਜਨਸੰਖਿਆ ਜਿਆਦਾ ਹੋਣ ਕਾਰਨ ਸਾਰੀ ਜਨਤਾ ਸਿੱਧੇ ਤੌਰ ਤੇ ਸ਼ਾਸ਼ਨ ਨਹੀਂ ਚਲਾ ਸਕਦੀ।

**ਪ੍ਰਸ਼ਨ- 5. ਭਾਰਤ ਵਿੱਚ ਵੋਟ ਪਾਉਣ ਦਾ ਅਧਿਕਾਰ ਕਿਸਨੂੰ ਹੁੰਦਾ ਹੈ?**

ਉੱਤਰ- ਭਾਰਤ ਵਿੱਚ 18 ਸਾਲ ਤੋਂ ਜਾਂ ਇਸ ਤੋਂ ਵਧੇਰੇ ਉਮਰ ਦੇ ਹਰੇਕ ਔਰਤ ਮਰਦ ਨੂੰ ਵੋਟ ਪਾਉਣ ਦਾ ਅਧਿਕਾਰ ਹੈ। ਇਸਨੂੰ ਸਰਵ-ਵਿਆਪਕ ਮਤ ਅਧਿਕਾਰ ਕਹਿੰਦੇ ਹਨ।

**ਪ੍ਰਸ਼ਨ- 6. ਆਮ ਚੋਣਾਂ ਅਤੇ ਮੱਧਕਾਲੀਨ ਚੋਣਾਂ ਵਿੱਚ ਕੀ ਫਰਕ ਹੈ?**

ਉੱਤਰ- ਆਮ ਚੋਣਾਂ ਹਰੇਕ ਪੰਜ ਸਾਲ ਬਾਅਦ ਹੁੰਦੀਆਂ ਹਨ ਪ੍ਰੰਤੂ ਜੇਕਰ 5 ਸਾਲ ਦਾ ਸਮਾਂ ਪੂਰਾ ਹੋਣ ਤੋਂ ਪਹਿਲਾਂ ਹੀ ਸਰਕਾਰ ਭੰਗ ਹੋ ਜਾਵੇ ਤਾਂ ਜੋ ਚੋਣਾ ਹੁੰਦੀਆਂ ਹਨ ਉਨ੍ਹਾਂ ਨੂੰ ਮੱਧਕਾਲੀਨ ਚੋਣਾਂ ਕਹਿੰਦੇ ਹਨ।

Harbans Gorkhnath

**ਪ੍ਰਸ਼ਨ– 7.ਦੋ–ਦਲੀ ਅਤੇ ਬਹੁ–ਦਲ ਪ੍ਰਣਾਲੀ ਵਿੱਚ ਕੀ ਅੰਤਰ ਹੈ?**

ਉੱਤਰ– ਜਦੋਂ ਕਿਸੇ ਦੇਸ਼ ਵਿੱਚ ਦੋ ਮੁੱਖ ਰਾਜਨੀਤਿਕ ਦਲ ਹੁੰਦੇ ਹਨ ਤਾਂ ਉਸ ਨੂੰ ਦੋ–ਦਲੀ ਪ੍ਰਣਾਲੀ ਕਹਿੰਦੇ ਹਨ ਜਿਵੇਂ ਇੰਗਲੈਂਡ ਅਤੇ ਅਮਰੀਕਾ ਵਿੱਚ ਦੋ–ਦਲੀ ਪ੍ਰਣਾਲੀ ਹੈ। ਪ੍ਰੰਤੂ ਜਦੋਂ ਦੇਸ਼ ਵਿੱਚ ਬਹੁਤ ਸਾਰੇ ਰਾਜਨੀਤਿਕ ਦਲ ਹੁੰਦੇ ਹਨ ਤਾਂ ਉਸਨੂੰ ਬਹੁ–ਦਲੀ ਪ੍ਰਣਾਲੀ ਆਖਦੇ ਹਨ ਜਿਵੇਂ ਭਾਰਤ ਵਿੱਚ ਕਈ ਰਾਜਨੀਤਿਕ ਦਲ ਹਨ।

**ਪ੍ਰਸ਼ਨ– 8. ਰਾਜਨੀਤਿਕ ਦਲਾਂ ਦਾ ਪ੍ਰਤੀਨਿਧੀ ਲੋਕਤੰਤਰ ਵਿੱਚ ਕੀ ਮਹੱਤਵ ਹੈ?**

ਉੱਤਰ– ਰਾਜਨੀਤਿਕ ਦਲਾਂ ਤੋਂ ਬਿਨਾ ਲੋਕਤੰਤਰ ਸੰਭਵ ਨਹੀਂ ਹੈ। ਰਾਜਨੀਤਿਕ ਦਲ ਲੋਕਾਂ ਸਾਹਮਣੇ ਆਪਣੇ ਦਲ ਦੀਆਂ ਨੀਤੀਆਂ ਰੱਖਦੇ ਹਨ। ਰਾਜਨੀਤਿਕ ਦਲ ਦੂਸਰੇ ਰਾਜਨੀਤਿਕ ਦਲਾਂ ਦੀਆਂ ਕਮੀਆਂ ਲੋਕਾਂ ਨੂੰ ਦੱਸਦੇ ਹਨ। ਰਾਜਨੀਤਿਕ ਦਲ ਚੋਣਾਂ ਤੋਂ ਬਾਅਦ ਸਰਕਾਰ ਬਣਾਉਂਦੇ ਹਨ ਜਾਂ ਵਿਰੋਧੀ ਦਲ ਦੀ ਭੂਮਿਕਾ ਨਿਭਾਉਂਦੇ ਹਨ।

**ਪ੍ਰਸ਼ਨ– 9. ਗੁਪਤ ਮਤਦਾਨ ਕੀ ਹੁੰਦਾ ਹੈ? ਇਸਦਾ ਕੀ ਮਹੱਤਵ ਹੈ?**

ਉੱਤਰ– ਲੋਕਤੰਤਰ ਵਿੱਚ ਜਦੋਂ ਅਸੀਂ ਵੋਟਾਂ ਪਾਉਂਦੇ ਹਾਂ ਤਾਂ ਕਿਸੇ ਵੀ ਰਾਜਨੀਤਿਕ ਦਲ ਜਾਂ ਵਿਅਕਤੀ ਨੂੰ ਇਹ ਪਤਾ ਨਹੀਂ ਚੱਲਦਾ ਕਿ ਅਸੀਂ ਆਪਣੀ ਵੋਟ ਕਿਸਨੂੰ ਪਾਈ ਹੈ। ਇਸਨੂੰ ਗੁਪਤ ਮਤਦਾਨ ਕਿਹਾ ਜਾਂਦਾ ਹੈ।ਇਸ ਨਾਲ ਵਿਅਕਤੀ ਦੀ ਸੁਤੰਤਰਤਾ ਬਰਕਰਾਰ ਰਹਿੰਦੀ ਹੈ।

**ਪ੍ਰਸ਼ਨ– 10. ਲੋਕਤੰਤਰ ਵਿੱਚ ਵਿਰੋਧੀ ਦਲ ਦੀ ਭੂਮਿਕਾ ਬਾਰੇ ਸੰਖੇਪ ਵਿੱਚ ਲਿਖੋ।**

ਉੱਤਰ– ਵੋਟਾਂ ਤੋਂ ਬਾਅਦ ਬਹੁਮਤ ਪ੍ਰਾਪਤ ਦਲ ਤੋਂ ਬਾਅਦ ਜਿਸ ਦਲ ਨੂੰ ਸਭ ਤੋਂ ਜਿਆਦਾ ਸੀਟਾਂ/ਵੋਟਾਂ ਪ੍ਰਾਪਤ ਹੁੰਦੀਆਂ ਹਨ ਉਸ ਨੂੰ ਵਿਰੋਧੀ ਦਲ ਕਹਿੰਦੇ ਹਨ। ਵਿਰੋਧੀ ਦਲ ਸਰਕਾਰ ਤੇ ਕੰਟਰੋਲ ਰੱਖਦਾ ਹੈ।ਇਹ ਸਰਕਾਰ ਨੂੰ ਤਾਨਾਸ਼ਾਹ ਬਣਨ ਤੋਂ ਰੋਕਦਾ ਹੈ। ਇਹ ਸਰਕਾਰ ਤੋਂ ਨਾਗਰਿਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਦਾ ਹੈ।

**ਪ੍ਰਸ਼ਨ– 11. ਇੰਡੀਅਨ ਨੈਸ਼ਨਲ ਕਾਂਗਰਸ ਦੀਆਂ ਕੋਈ ਦੋ ਨੀਤੀਆਂ ਲਿਖੋ।**

ਉੱਤਰ– 1. ਅਮੀਰੀ ਗਰੀਬੀ ਵਿੱਚ ਅੰਤਰ ਘੱਟ ਕਰਨਾ ।

2. ਸਾਰੇ ਧਰਮਾਂ ਦਾ ਸਮਾਨ ਰੂਪ ਵਿੱਚ ਸਨਮਾਨ ਕਰਨਾ ।

3. ਖੇਤੀਬਾੜੀ ਅਤੇ ਸਿੰਚਾਈ ਦਾ ਵਿਕਾਸ ਕਰਨਾ ।

**ਪ੍ਰਸ਼ਨ– 12. ਲੋਕਤੰਤਰ ਵਿੱਚ ਚੋਣਾਂ ਦਾ ਕੀ ਮਹੱਤਵ ਹੈ ?**

ਉੱਤਰ– 1. ਚੋਣਾ ਰਾਹੀਂ ਲੋਕ ਸਰਕਾਰ ਚੁਣਦੇ ਹਨ।

2. ਚੋਣਾਂ ਰਾਹੀਂ ਲੋਕ ਮਾੜੀ ਸਰਕਾਰ ਨੂੰ ਬਦਲ ਸਕਦੇ ਹਨ।

3. ਚੋਣਾ ਨਾਲ ਸਾਸ਼ਨ ਪ੍ਰਣਾਲੀ ਵਿੱਚ ਸਥਿਰਤਾ ਆਉਂਦੀ ਹੈ ।

**ਖਾਲੀ ਥਾਵਾਂ ਭਰੋ:–**

1. ਪ੍ਰਤੀਨਿਧੀ    2. ਚੋਣ ਕਮਿਸ਼ਨ    3. 18    4. ਇੰਗਲੈਂਡ, ਅਮਰੀਕਾ, ਭਾਰਤ    5. ਸਮਾਨਤਾ

**ਬਹੁਵਿਕਲਪੀ ਪ੍ਰਸ਼ਨ–ਉੱਤਰ:–**

1. 18 ਸਾਲ    2. ਪੰਜ ਸਾਲ    3. 1885

**ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ:–**

1. (√)    2. (X)    3. (√)

Harbans Gorkhnath

# ਪਾਠ–23 ਰਾਜ ਸਰਕਾਰ

**ਪ੍ਰਸ਼ਨ–1. ਭਾਰਤ ਦੇ ਉਨ੍ਹਾਂ ਪੰਜ ਰਾਜਾਂ ਦੇ ਨਾਂ ਲਿਖੋ ਜਿੱਥੇ ਦੋ ਸਦਨੀ ਵਿਧਾਨਪਾਲਿਕਾ ਹੈ ।**

ਉੱਤਰ- ਬਿਹਾਰ, ਜੰਮੂ-ਕਸ਼ਮੀਰ,ਕਰਨਾਟਕਾ, ਆਂਧਰਾ ਪ੍ਰਦੇਸ਼ ਅਤੇ ਮਹਾਂਰਾਸ਼ਟਰ ।

**ਪ੍ਰਸ਼ਨ–2. ਐਮ.ਐੱਲ.ਏ.ਚੁਣੇ ਜਾਣ ਲਈ ਕਿਹੜੀਆਂ ਦੋ ਯੋਗਤਾਵਾਂ ਜਰੂਰੀ ਹਨ?**

ਉੱਤਰ- 1. ਉਹ ਭਾਰਤ ਦਾ ਨਾਗਰਿਕ ਹੋਵੇ ।

2. ਉਸਦੀ ਉਮਰ 25 ਸਾਲ ਤੋਂ ਘੱਟ ਨਾ ਹੋਵੇ ।

**ਪ੍ਰਸ਼ਨ–3. ਰਾਜਪਾਲ ਚੁਣੇ ਜਾਣ ਲਈ ਕਿਹੜੀਆਂ ਯੋਗਤਾਵਾਂ ਜਰੂਰੀ ਹਨ ?**

ਉੱਤਰ- 1. ਉਹ ਭਾਰਤ ਦਾ ਨਾਗਰਿਕ ਹੋਵੇ ।

2. ਉਸਦੀ ਉਮਰ 35 ਸਾਲ ਤੋਂ ਘੱਟ ਨਾ ਹੋਵੇ ।

3. ਉਹ ਰਾਜ ਜਾਂ ਕੇਂਦਰੀ ਵਿਧਾਨਪਾਲਿਕਾ ਦਾ ਮੈਂਬਰ ਜਾਂ ਸਰਕਾਰੀ ਅਧਿਕਾਰੀ ਨਾ ਹੋਵੇ ।

**ਪ੍ਰਸ਼ਨ–4. ਕਿਸੇ ਸਰਕਾਰੀ ਵਿਭਾਗ ਦਾ ਕਾਰਜਕਾਰੀ ਮੁਖੀ ਕੌਣ ਹੁੰਦਾ ਹੈ ?**

ਉੱਤਰ- ਕਿਸੇ ਸਰਕਾਰੀ ਵਿਭਾਗ ਦਾ ਕਾਰਜਕਾਰੀ ਮੁਖੀ ਵਿਭਾਗੀ **ਸਕੱਤਰ** ਹੁੰਦਾ ਹੈ ।

**ਪ੍ਰਸ਼ਨ–5. ਤੁਹਾਡੇ ਰਾਜ ਦਾ ਮੁੱਖ ਮੰਤਰੀ ਅਤੇ ਰਾਜਪਾਲ ਕੌਣ ਹਨ?**

ਉੱਤਰ- **ਮੁੱਖ ਮੰਤਰੀ**- ਸ.ਪ੍ਰਕਾਸ਼ ਸਿੰਘ ਬਾਦਲ

**ਰਾਜਪਾਲ**- ਸ਼੍ਰੀ ਵੀ.ਪੀ.ਸਿੰਘ ਬਦਨੌਰ

**ਪ੍ਰਸ਼ਨ–6. ਰਾਜ ਦਾ ਕਾਰਜਕਾਰੀ ਅਧਿਕਾਰੀ ਕੌਣ ਹੁੰਦਾ ਹੈ ?**

ਉੱਤਰ- ਰਾਜਪਾਲ ।

**ਪ੍ਰਸ਼ਨ–7. ਰਾਜਪਾਲ ਦੇ ਕੰਮਾਂ ਬਾਰੇ ਦੱਸੋ ।**

ਉੱਤਰ- ਕੇਂਦਰ ਵਿੱਚ ਰਾਸ਼ਟਰਪਤੀ ਦੇ ਵਾਂਗ ਰਾਜਪਾਲ ਰਾਜ ਦਾ ਨਾ-ਮਾਤਰ ਮੁਖੀ ਹੈ।ਰਾਜਪਾਲ ਦੇ ਕੰਮ ਹੇਠ ਲਿਖੇ ਹਨ :-

Harbans Gorkhnath

1. ਉਹ ਰਾਜ ਦਾ ਕਾਰਜਕਾਰੀ ਮੁਖੀ ਹੁੰਦਾ ਹੈ । ਰਾਜ ਦਾ ਸ਼ਾਸ਼ਨ ਉਸਦੇ ਨਾਂ ਤੇ ਚਲਾਇਆ ਜਾਂਦਾ ਹੈ ।

2. ਉਹ ਮੁੱਖ ਮੰਤਰੀ ਅਤੇ ਦੂਸਰੇ ਸਾਰੇ ਮੰਤਰੀਆਂ ਦੀ ਨਿਯੁਕਤੀ ਕਰਦਾ ਹੈ ।

3. ਰਾਜ ਦੇ ਹਾਈਕੋਰਟ ਦੇ ਜੱਜਾਂ ਦੀ ਨਿਯੁਕਤੀ ਸਮੇਂ ਉਹ ਰਾਸ਼ਟਰਪਤੀ ਨੂੰ ਸਲਾਹ ਦਿੰਦਾ ਹੈ ।

4.ਉਹ ਰਾਜ ਵਿਧਾਨ ਮੰਡਲ ਦੁਆਰਾ ਪਾਸ ਕੀਤ ਕਾਨੂੰਨਾਂ ਨੂੰ ਮਨਜ਼ੂਰੀ ਦਿੰਦਾ ਹੈ ।

5. ਰਾਸ਼ਟਰਪਤੀ ਰਾਜ ਸਮੇਂ ਰਾਜਪਾਲ ਰਾਜ ਦਾ ਅਸਲ ਮੁਖੀ ਬਣ ਜਾਂਦਾ ਹੈ ।

**ਪ੍ਰਸ਼ਨ-8. ਰਾਜ ਦੇ ਮੁੱਖ ਮੰਤਰੀ ਦੇ ਕੰਮਾਂ ਅਤੇ ਸ਼ਕਤੀਆਂ ਦਾ ਵਰਨਣ ਕਰੋ।**

ਉੱਤਰ- ਮੁੱਖ ਮੰਤਰੀ ਰਾਜ ਦਾ ਅਸਲ ਮੁਖੀ ਹੁੰਦਾ ਹੈ । ਉਸਦੇ ਕੰਮਾਂ ਅਤੇ ਸ਼ਕਤੀਆਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:-

1. ਮੁੱਖ ਮੰਤਰੀ ਆਪਣੀ ਸਹਾਇਤਾ ਲਈ ਮੰਤਰੀਆਂ ਦੀ ਨਿਯੁਕਤੀ ਲਈ ਇੱਕ ਸੂਚੀ ਰਾਜਪਾਲ ਨੂੰ ਸੌਂਪਦਾ ਹੈ।ਰਾਜਪਾਲ ਉਨ੍ਹਾਂ ਨੂੰ ਹੀ ਮੰਤਰੀ ਨਿਯੁਕਤ ਕਰਦਾ ਹੈ ।

2. ਮੁੱਖ ਮੰਤਰੀ ਵੱਖ-ਵੱਖ ਮੰਤਰੀਆਂ ਵਿੱਚ ਵਿਭਾਗਾਂ ਦੀ ਵੰਡ ਕਰਦਾ ਹੈ।

3. ਮੁੱਖ ਮੰਤਰੀ ਮੰਤਰੀ ਮੰਡਲ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ ।

4.ਮੁੱਖ ਮੰਤਰੀ ਕੇਂਦਰੀ ਸਰਕਾਰ ਪ੍ਰਤੀ ਜਵਾਬਦੇਹ ਹੁੰਦਾ ਹੈ ਇਸ ਲਈ ਉਹ ਕੇਂਦਰੀ ਸਰਕਾਰ ਨਾਲ ਚੰਗੇ ਸੰਬੰਧ ਬਣਾਉਣ ਦਾ ਯਤਨ ਕਰਦਾ ਹੈ।

**ਪ੍ਰਸ਼ਨ-9.ਰਾਜਪਾਲ ਦੀਆਂ ਸਵੈ-ਇੱਛੁਕ ਸ਼ਕਤੀਆਂ ਕਿਹੜੀਆਂ ਹਨ ?**

ਉੱਤਰ- ਰਾਜਪਾਲ ਕੋਲ ਕੁਝ ਅਜਿਹੀਆਂ ਸ਼ਕਤੀਆਂ ਹੁੰਦੀਆਂ ਹਨ ਜਿੰਨ੍ਹਾਂ ਦੀ ਵਰਤੋ ਉਹ ਆਪਣੀ ਇੱਛਾ ਅਨੁਸਾਰ ਕਰ ਸਕਦਾ ਹੈ। ਇਹ ਨਿਮਨਲਿਖਿਤ ਹਨ:-

1. ਜੇਕਰ ਰਾਜ ਦੀਆਂ ਚੋਣਾ ਵਿੱਚ ਕਿਸੇ ਵੀ ਦਲ ਨੂੰ ਬਹੁਮਤ ਨਾ ਮਿਲੇ ਤਾਂ ਉਹ ਆਪਣੀ ਇੱਛਾ ਅਨੁਸਾਰ ਮੁੱਖ ਮੰਤਰੀ ਦੀ ਨਿਯੁਕਤੀ ਕਰ ਸਕਦਾ ਹੈ ।

2. ਰਾਜ ਦਾ ਪ੍ਰਬੰਧ ਠੀਕ ਨਾ ਚੱਲਣ ਤੇ ਉਹ ਕਾਰਜਪਾਲਿਕਾ ਨੂੰ ਭੰਗ ਕਰਨ ਲਈ ਰਾਸ਼ਟਰਪਤੀ ਨੂੰ ਸਲਾਹ ਦੇ ਸਕਦਾ ਹੈ।

**ਪ੍ਰਸ਼ਨ-10.ਰਾਜ ਦੇ ਪ੍ਰਬੰਧਕੀ ਕੰਮ ਕਿਹੜੇ-ਕਿਹੜੇ ਸਿਵਲ ਅਧਿਕਾਰੀ ਚਲਾਉਂਦੇ ਹਨ ?**

ਉੱਤਰ- ਰਾਜ ਵਿੱਚ ਸਿੱਖਿਆ, ਆਵਾਜਾਈ, ਸਿਹਤ ਅਤੇ ਸਫਾਈ ਆਦਿ ਵਿਭਾਗ ਹੁੰਦੇ ਹਨ ।ਹਰੇਕ ਵਿਭਾਗ ਦਾ ਇੱਕ ਮੰਤਰੀ ਹੁੰਦਾ ਹੈ।ਮੰਤਰੀਆਂ ਦੀ ਸਹਾਇਤਾ ਲਈ ਸਰਕਾਰੀ ਅਧਿਕਾਰੀ ਹੁੰਦੇ ਹਨ । ਹਰੇਕ ਵਿਭਾਗ ਦਾ ਸਕੱਤਰ ਆਪਣੇ-ਆਪਣੇ ਵਿਭਾਗ ਦਾ ਮੁਖੀ ਹੁੰਦਾ ਹੈ ।ਸਕੱਤਰ ਦੇ ਦਫਤਰ ਨੂੰ ਸਕੱਤਰੇਤ ਕਿਹਾ ਜਾਂਦਾ ਹੈ ।

**ਪ੍ਰਸ਼ਨ-11. ਮੰਤਰੀ ਪਰਿਸ਼ਦ ਬਾਰੇ ਜਾਣਕਾਰੀ ਦਿਓ।**

ਉੱਤਰ- ਮੰਤਰੀਆਂ ਨੂੰ ਸਮੂਹਿਕ ਰੂਪ ਵਿੱਚ ਮੰਤਰੀ ਪਰਿਸ਼ਦ ਕਿਹਾ ਜਾਂਦਾ ਹੈ ।ਮੁੱਖ ਮੰਤਰੀ ਇਸਦਾ ਮੁਖੀਆ ਹੁੰਦਾ ਹੈ । ਇਸ ਦਾ ਕਾਰਜਕਾਲ 5 ਸਾਲ ਦਾ ਹੁੰਦਾ ਹੈ ।

**ਪ੍ਰਸ਼ਨ-12. ਰਾਜ ਵਿਧਾਨਪਾਲਿਕਾ ਬਾਰੇ ਜਾਣਕਾਰੀ ਦਿਓ।**

ਉੱਤਰ- ਸਾਰੇ ਐੱਮ.ਐੱਲ.ਏ. ਮਿਲ ਕੇ ਰਾਜ ਵਿਧਾਨ ਸਭਾ ਦਾ ਨਿਰਮਾਣ ਕਰਦੇ ਹਨ । ਇਸਦਾ ਰਾਰਜਕਾਲ 5 ਸਾਲ ਦਾ ਹੁੰਦਾ ਹੈ। ਰਾਜਪਾਲ ਵਿਧਾਨਪਾਲਿਕਾ/ਵਿਧਾਨ ਸਭਾ ਨੂੰ 5 ਸਾਲ ਤੋਂ ਪਹਿਲਾਂ ਵੀ ਭੰਗ ਕਰ ਸਕਦਾ ਹੈ ।

**ਪ੍ਰਸ਼ਨ-13. ਵਿਧਾਨ ਪਰਿਸ਼ਦ ਤੇ ਨੋਟ ਲਿਖੋ ।**

ਉੱਤਰ- ਭਾਰਤ ਦੇ ਕਈ ਰਾਜਾਂ ਵਿੱਚ ਦੋ ਸਦਨੀ ਵਿਧਾਨ ਮੰਡਲ ਹੈ ।ਵਿਧਾਨ ਪਰਿਸ਼ਦ ਰਾਜ ਦਾ ਉੱਪਰਲਾ ਸਦਨ ਹੁੰਦਾ ਹੈ । ਇਸਦਾ ਕਾਰਜਕਾਲ 6 ਸਾਲ ਦਾ ਹੁੰਦਾ ਹੈ । ਇਸ ਦੇ 1/3 ਮੈਂਬਰ ਹਰੇਕ ਦੋ ਸਾਲਾਂ ਬਾਅਦ ਰਿਟਾਇਰ ਹੋ ਜਾਂਦੇ ਹਨ । ਇਹ ਇੱਕ ਸਥਾਈ ਸਦਨ ਹੈ ।ਇਸ ਨੂੰ ਭੰਗ ਨਹੀਂ ਕੀਤਾ ਜਾ ਸਕਦਾ।

**ਪ੍ਰਸ਼ਨ-14. ਸੜਕ ਹਾਦਸਿਆਂ ਦੇ ਕੋਈ ਪੰਜ ਮੁੱਖ ਕਾਰਨ ਦੱਸੋ ।**

ਉੱਤਰ- ਸੜਕ ਹਾਦਸਿਆਂ ਦੇ ਮੁੱਖ ਕਾਰਨ ਹੇਠ ਲਿਖੇ ਹਨ :-

**1. ਤੇਜ਼ ਰਫਤਾਰ ਨਾਲ ਵਾਹਨ ਚਲਾਉਣਾ**- ਤੇਜ਼ ਰਫਤਾਰ ਸੜਕ ਹਾਦਸਿਆਂ ਦਾ ਮੁੱਖ ਕਾਰਨ ਹੈ । ਧਿਆਨ ਹਟਣ ਨਾਲ ਤੇਜ਼ ਰਫਤਾਰ ਵਾਲਾ ਵਾਹਨ ਜਲਦੀ ਹੀ ਦੁਰਘਟਨਾ ਦਾ ਸ਼ਿਕਾਰ ਹੋ ਸਕਦਾ ਹੈ ।

Harbans Gorkhnath

**2. <u>ਸਿਗਨਲ ਨੂੰ ਨਾ ਮੰਨਣਾ</u>**- ਕਈ ਵਾਰ ਵਾਹਨ ਚਾਲਕ ਟ੍ਰੈਫਿਕ ਲਾਈਟ ਲਾਲ ਹੋਣ ਤੋਂ ਪਹਿਲਾਂ ਹੀ ਸੜਕ ਨੂੰ ਪਾਰ ਕਰਨ ਲਈ ਵਾਹਨ ਨੂੰ ਬਹੁਤ ਜਿਆਦਾ ਤੇਜ਼ੀ ਨਾਲ ਚਲਾਉਂਦੇ ਹਨ, ਇਸ ਨਾਲ ਦੁਘਟਨਾ ਹੋਣ ਦਾ ਡਰ ਬਣਿਆ ਰਹਿੰਦਾ ਹੈ ।

**3. <u>ਵਾਹਨਾ ਨੂੰ ਵਧੇਰੇ ਸਮਾਨ ਜਾਂ ਸਵਾਰੀਆਂ ਨਾਲ ਲੱਦਣਾ</u>**- ਵਾਹਨ ਚਾਲਕ ਕਈ ਵਾਰੀ ਆਲਣੇ ਵਾਹਨ ਨੂੰ ਵਧੇਰੇ ਸਮਾਨ ਜਾਂ ਸਵਾਰੀਆਂ ਨਾਲ ਲੱਦ ਲੈਂਦੇ ਹਨ, ਜਿਸ ਕਾਰਨ ਹਾਦਸਾ ਹੋ ਜਾਂਦਾ ਹੈ ।

**4. <u>ਛੋਟੀ ਉਮਰ ਦੇ ਬੱਚਿਆਂ ਦਾ ਵਾਹਨ ਚਲਾਉਣਾ</u>**- 18 ਸਾਲ ਤੋਂ ਘੱਟ ਉਮਰ ਦੇ ਬੱਚੇ ਵੀ ਕਈ ਵਾਰੀ ਬਿਨਾਂ ਡਰਾਈਵਿੰਗ ਲਾਇਸੈਂਸ ਦੇ ਵਾਹਨ ਚਲਾਉਣ ਲੱਗ ਪੈਂਦੇ ਹਨ, ਜਿਸ ਕਾਰਨ ਹਾਦਸਾ ਹੋਣ ਦਾ ਡਰ ਬਣਿਆ ਰਹਿੰਦਾ ਹੈ ।

**5. <u>ਗਲਤ ਢੰਗ ਨਾਲ ਅੱਗੇ ਨਿੱਕਲਣਾ</u>**- ਕਈ ਵਾਰ ਗਲਤ ਢੰਗ ਨਾਲ ਅੱਗੇ ਨਿੱਕਲਣ ਦੀ ਕੋਸ਼ਿਸ਼ ਵਿੱਚ ਦੋ ਵਾਹਨ ਆਪਸ ਵਿੱਚ ਟਕਰਾ ਜਾਂਦੇ ਹਨ। ਅਜਿਹੇ ਹਾਦਸੇ ਪੈਦਲ ਚਾਲਕਾਂ ਲਈ ਵੀ ਬਹੁਤ ਖਤਰਨਾਕ ਹੁੰਦੇ ਹਨ ।

**ਖਾਲੀ ਥਾਵਾਂ ਭਰੋ :-**

1.500 2. 60 3. ਸ਼੍ਰੀ ਸ਼ਿਵਰਾਜ ਪਾਟਿਲ 4. ਇੱਕ ਸਦਨ ਵਾਲੀ 5. ਹੇਠਲੇ 6. ਰਾਜਪਾਲ 7. ਹੇਠਲੇ 8. ਰਾਜਪਾਲ 9. ਪੰਜ 10. 1/6

**<u>ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ</u>:-**

1. (√) 2. (X) 3. (X) 4. (X) 5. (X)

## ਪਾਠ-17

## <u>ਕਬੀਲੇ ਖਾਨਾਬਦੋਸ਼ ਅਤੇ ਸਥਿਰ ਭਾਈਚਾਰੇ</u>

### ਪ੍ਰਸ਼ਨ-1. ਕਬੀਲੇ ਦੇ ਲੋਕਾਂ ਦਾ ਮੁੱਖ ਕੰਮ ਕਿਹੜਾ ਸੀ ?

ਉੱਤਰ- ਕਬੀਲੇ ਦੇ ਲੋਕਾਂ ਦਾ ਮੁੱਖ ਕੰਮ ਖੇਤੀ ਕਰਨਾ ਸੀ। ਪਰ ਕਈ ਕਬੀਲਿਆਂ ਦੇ ਲੋਕ ਸ਼ਿਕਾਰ, ਵਪਾਰ ਅਤੇ ਪਸ਼ੂ-ਪਾਲਣ ਦਾ ਕੰਮ ਵੀ ਕਰਦੇ ਸਨ।

### ਪ੍ਰਸ਼ਨ-2. ਖਾਨਾ ਬਦੋਸ਼ ਤੋਂ ਕੀ ਭਾਵ ਹੈ ?

ਉੱਤਰ- ਕੁੱਝ ਕਬੀਲਿਆਂ ਦੇ ਲੋਕ ਆਪਣਾ ਜੀਵਨ- ਗੁਜ਼ਾਰਾ ਕਰਨ ਲਈ ਇੱਕ ਥਾਂ ਤੋਂ ਦੂਜੀ ਥਾਂ ਤੇ ਘੁੰਮਦੇ ਫਿਰਦੇ ਰਹਿੰਦੇ ਸਨ । ਇਨ੍ਹਾਂ ਨੂੰ ਖਾਨਾ ਬਦੋਸ਼ ਕਹਿੰਦੇ ਹਨ ।

### ਪ੍ਰਸ਼ਨ-3. ਕਬਾਇਲੀ ਸਮਾਜ ਦੇ ਲੋਕ ਕਿੱਥੇ ਰਹਿੰਦੇ ਸਨ ?

ਉੱਤਰ- ਜੰਗਲਾਂ , ਪਹਾੜਾਂ ਅਤੇ ਰੇਤੀਲੇ ਪ੍ਰਦੇਸ਼ਾਂ ਵਿੱਚ ।

### ਪ੍ਰਸ਼ਨ-4. ਮੱਧਕਾਲੀਨ ਯੁੱਗ ਵਿੱਚ ਪੰਜਾਬ ਵਿੱਚ ਕਿਹੜੇ-ਕਿਹੜੇ ਕਬੀਲੇ ਰਹਿੰਦੇ ਸਨ ?

ਉੱਤਰ- ਖੋਖਰ, ਗੱਖੜ੍ਹ, ਲੰਗਾਹ ਅਤੇ ਬਲੂਚ ਆਦਿ ।

### ਪ੍ਰਸ਼ਨ-5. ਸੁਫਾਕਾ ਕੌਣ ਸੀ ?

ਉੱਤਰ- ਸੁਫਾਕਾ ਅਰੋਮ ਵੰਸ਼ ਦਾ ਪਹਿਲਾ ਸ਼ਾਸਕ ਸੀ । ਉਸਨੇ ਕਈ ਰਾਜਿਆਂ ਨੂੰ ਹਰਾ ਕੇ ਆਪਣੇ ਰਾਜ ਦਾ ਵਿਸਥਾਰ ਕੀਤਾ। ਉਸ ਦੀ ਰਾਜਧਾਨੀ ਗੁੜਗਾਉਂ ਸੀ ।

### ਪ੍ਰਸ਼ਨ-6. ਕਿਸ ਖੇਤਰ ਨੂੰ ਗੋਡਵਾਨਾ ਕਿਹਾ ਜਾਂਦਾ ਹੈ ?

ਉੱਤਰ- ਪੱਛਮੀਂ ਉੜੀਸਾ, ਪੂਰਬੀ ਮਹਾਂਰਾਸ਼ਟਰ , ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਆਦਿ ਖੇਤਰਾਂ ਨੂੰ ਸਮੂਹਿਕ ਰੂਪ ਵਿੱਚ ਗੋਂਡਵਾਨਾ ਕਿਹਾ ਜਾਂਦਾ ਹੈ ਕਿਉਂਕਿ ਇਸ ਖੇਤਰ ਵਿੱਚ ਗੋਂਡ ਲੋਕਾਂ ਦੀ ਵੱਧ ਸੰਖਿਆ ਸੀ ।

**ਖਾਲੀ ਥਾਵਾਂ ਭਰੋ:-**

Harbans Gorkhnath

1. ਅਹੋਮ, ਨਾਗਾ 2. ਅਸਾਮ 3. ਗੋਂਡਵਾਨਾ 4. ਤਾਵੀ-ਮੰਗੋਲਿਡ 5. ਗੋਂਡ

# ਪਾਠ-24

# ਜਨਤਕ ਸੰਚਾਰ ਅਤੇ ਲੋਕਤੰਤਰ

**ਪ੍ਰਸ਼ਨ-1. ਜਨਤਕ ਸੰਚਾਰ ਅਤੇ ਲੋਕਤੰਤਰ ਵਿੱਚ ਕੀ ਸੰਬੰਧ ਹੈ ?**

ਉੱਤਰ- ਮੀਡੀਆ ਲੋਕਤੰਤਰ ਵਿੱਚ ਹੋ ਰਹੀਆਂ ਘਟਨਾਵਾਂ ਬਾਰੇ ਲੋਕਾਂ ਨੂੰ ਜਾਣਕਾਰੀ ਦਿੰਦਾ ਹੈ ।ਇਹ ਲੋਕਾਂ ਨੂੰ ਸਰਕਾਰ ਦੇ ਕੰਮਾਂ ਪ੍ਰਤੀ ਸੁਚੇਤ ਕਰਦਾ ਹੈ ।

**ਪ੍ਰਸ਼ਨ-2. ਜਨਤਕ ਸੰਚਾਰ ਦੇ ਬਿਜਲਈ ਸਾਧਨਾਂ ਦੇ ਨਾਂ ਲਿਖੋ ।**

ਉੱਤਰ- ਟੈਲੀਵਿਜ਼ਨ ਕੰਪਿਊਟਰ ਅਤੇ ਰੇਡੀਓ ।

**ਪ੍ਰਸ਼ਨ-3. ਸੂਚਨਾ/ਜਾਣਕਾਰੀ ਪ੍ਰਾਪਤ ਕਰਨ ਸੰਬੰਧੀ ਅਧਿਕਾਰ ਤੋਂ ਤੁਸੀਂ ਕੀ ਸਮਝਦੇ ਹੋਂ ?**

ਉੱਤਰ- ਸੂਚਨਾ ਦੇ ਅਧਿਕਾਰ ਰਾਹੀਂ ਸਾਨੂੰ ਕੋਈ ਵੀ ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ ਪ੍ਰਾਪਤ ਹੋਇਆ ਹੈ। ਇਸ ਅਧਿਕਾਰ ਦੀ ਵਰਤੋ ਕਰਕੇ ਅਸੀਂ ਸਰਕਾਰੀ ਅਧਿਕਾਰੀਆਂ ਪਾਸੋਂ ਕੋਈ ਵੀ ਸੂਚਨਾ ਪ੍ਰਾਪਤ ਕਰ ਸਕਦੇ ਹਾਂ ।

**ਪ੍ਰਸ਼ਨ-4. ਵਿਗਿਆਪਨ ਤੋਂ ਤੁਹਾਡਾ ਕੀ ਭਾਵ ਹੈ ?**

ਉੱਤਰ- ਆਪਣੀ ਤਿਆਰ ਕੀਤੀ ਵਸਤੂ ਦੀ ਮਸ਼ਹੂਰੀ ਲਈ ਪ੍ਰਚਾਰ ਕਰਨਾ ਵਿਗਿਆਪਨ ਅਖਵਾਉਂਦਾ ਹੈ । ਵਿਗਿਆਪਨ ਰਾਹੀਂ ਉਤਪਾਦਕ (ਵਸਤੂ ਤਿਆਰ ਕਰਤਾ) ਲੋਕਾਂ ਦਾ ਧਿਆਨ ਆਪਣੀ ਵਸਤੂ ਵੱਲ ਖਿੱਚਣਾ ਚਾਹੁੰਦਾ ਹੈ ।

**ਪ੍ਰਸ਼ਨ-5. ਵਿਗਿਆਪਨ ਕਿੰਨੀ ਤਰ੍ਹਾਂ ਦੇ ਹੁੰਦੇ ਹਨ ?**

ਉੱਤਰ- ਵਿਗਿਆਪਨ ਮੁੱਖ ਤੌਰ ਤੇ ਦੋ ਤਰ੍ਹਾਂ ਦੇ ਹੁੰਦੇ ਹਨ-

1. ਵਪਾਰਕ ਵਿਗਿਆਪਨ 2. ਸਮਾਜਿਕ ਵਿਗਿਆਪਨ ।

ਵਪਾਰਿਕ ਵਿਗਿਆਪਨ ਕਿਸੇ ਵਸਤੂ ਦੀ ਵਿਕਰੀ ਵਧਾਉਣ ਲਈ ਹੁੰਦੇ ਹਨ ਅਤੇ ਸਮਾਜਿਕ ਵਿਗਿਆਪਨ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਵਿੱਚ ਸਹਾਇਤਾ ਕਰਦੇ ਹਨ।

**ਪ੍ਰਸ਼ਨ-6. ਵਿਗਿਆਪਨ ਦੇ ਮੁੱਖ ਉਦੇਸ਼ ਕੀ ਹਨ ?**

Harbans Gorkhnath

ਉੱਤਰ- 1. ਕਿਸੇ ਵਸਤੂ ਦੇ ਬਾਰੇ ਵਿੱਚ ਜਾਣਕਾਰੀ ਦੇਣਾ ।

2. ਇਹ ਜਾਣਕਾਰੀ ਦੇਣਾ ਕਿ ਵਸਤੂ ਨੂੰ ਕਿੱਥੋਂ ਖਰੀਦਣਾ ਹੈ ਅਤੇ ਕਿਵੇਂ ਵਰਤੋ ਵਿੱਚ ਲਿਆਉਣਾ ਹੈ ।

3. ਲੋਕਾਂ ਨੂੰ ਉਤਪਾਦ (ਵਸਤੂ) ਖਰੀਦਣ ਲਈ ਪ੍ਰੇਰਿਤ ਕਰਨਾ ।

**ਪ੍ਰਸ਼ਨ-7. ਸਮਾਜਿਕ ਵਿਗਿਆਪਨ ਤੋਂ ਕੀ ਭਾਵ ਹੈ ?**

ਉੱਤਰ- ਸਮਾਜ ਕਲਿਆਣ ਨਾਲ ਸੰਬੰਧਿਤ ਵਿਗਿਆਪਨ ਸਮਾਜਿਕ ਵਿਗਿਆਪਨ ਹੁੰਦੇ ਹਨ । ਇਹ ਵਿਗਿਆਪਨ ਸਾਨੂੰ ਵੱਖ-ਵੱਖ ਬਿਮਾਰੀਆਂ, ਕੁਦਰਤੀ ਆਫਤਾਂ ਅਤੇ ਸਮਾਜਿਕ ਬੁਰਾਈਆ ਪ੍ਰਤੀ ਸੁਚੇਤ ਕਰਦੇ ਹਨ ।ਇਹ ਵਿਗਿਆਪਨ ਰਾਸ਼ਟਰੀ ਏਕਤਾ ਵਧਾਉਂਦੇ ਹਨ ।

**ਪ੍ਰਸ਼ਨ-8. ਵਪਾਰਕ ਵਿਗਿਆਪਨ ਵਿੱਚ ਕੀ ਕੁਝ ਹੁੰਦਾ ਹੈ ?**

ਉੱਤਰ-ਵਪਾਰ ਨਾਲ ਸੰਬੰਧਿਤ ਵਿਗਿਆਪਨਾਂ ਨੂੰ ਵਪਾਰਕ ਵਿਗਿਆਪਨ ਕਿਹਾ ਜਾਂਦਾ ਹੈ। ਵਸਤੂਆਂ ਦਾ ਨਿਰਮਾਣ ਕਰਨ ਵਾਲੇ (ਉਤਪਾਦਕ) ਨੂੰ ਖਰੀਦਦਾਰਾਂ ਦੀ ਜਰੂਰਤ ਹੁੰਦੀ ਹੈ। ਇਸ ਲਈ ਉਹ ਵਿਗਿਆਪਨ ਰਾਹੀਂ ਵਸਤੂਆਂ ਦੇ ਬਾਰੇ ਵਿੱਚ (ਵਸਤੂਆਂ ਦੀ ਵਰਤੋ ਕਰਨ ਵਾਲੇ ) ਖਪਤਕਾਰਾਂ ਨੂੰ ਵਿਗਿਆਪਨ ਰਾਹੀਂ ਦੱਸਦਾ ਹੈ। ਇਹਨਾਂ ਵਸਤੂਆਂ ਵਿੱਚ ਮੁੱਖ ਤੌਰ ਤੇ ਖਾਣ ਵਾਲੀਆਂ ਚੀਜਾਂ, ਰਾਸ਼ਨ-ਪਾਣੀ, ਕੱਪੜੇ, ਬਿਜਲਈ ਚੀਜਾਂ ਜਿਵੇਂ ਟੀ.ਵੀ., ਫਰਿੱਜ ਆਦਿ ਸ਼ਾਮਿਲ ਹੁੰਦੇ ਹਨ।

**ਪ੍ਰਸ਼ਨ-9. ਵਿਗਿਆਪਨ ਕਰਤਾ ਆਪਣੀਆਂ ਚੀਜਾਂ ਪ੍ਰਤੀ ਲੋਕਾਂ ਦਾ ਵਤੀਰਾ ਬਦਲਣ ਲਈ ਕਿਹੜੇ-ਕਿਹੜੇ ਢੰਗ ਅਪਣਾਉਂਦੇ ਹਨ ?**

ਉੱਤਰ- ਵਿਗਿਆਪਨ ਕਰਤਾ ਹੇਠ ਲਿਖੇ ਢੰਗਾਂ ਰਾਹੀਂ ਵਿਘਿਆਪਨ ਕਰਦੇ ਹਨ :-

1. ਗਲੀਆਂ ਵਿੱਚ ਫੇਰੀ ਲਗਾ ਕੇ ।

2. ਅਖਬਾਰਾਂ, ਮੈਗਜ਼ੀਨ ਆਦਿ ਵਿੱਚ ਇਸ਼ਤਿਹਾਰ ਦੇ ਕੇ ।

3. ਟੈਲੀਵਿਜ਼ਨ,ਇੰਟਰਨੈੱਟ ਤੇ ਵਿਗਿਆਪਨ ਦੇ ਕੇ ।

**ਪ੍ਰਸ਼ਨ-10. ਸਰਵਜਨਕ ਸੇਵਾਵਾਂ ਨਾਲ ਸੰਬੰਧਿਤ ਵਿਗਿਆਪਨਾਂ ਦੇ ਨਾਂ ਲਿਖੋ ।**

ਉੱਤਰ-1. ਪੋਲੀਓ ਦਾ ਖਾਤਮਾਂ 2. ਰਾਸ਼ਟਰੀ ਏਕਤਾ 3. ਕੁਦਰਤੀ ਆਫਤਾਂ 4. ਵੱਖ-ਵੱਖ ਬਿਮਾਰੀਆ ਤੋਂ ਬਚਾਉ ।

5. ਖੁਨ-ਦਾਨ 6. ਸੜਕ ਸੁਰੱਖਿਆ ।

**ਪ੍ਰਸ਼ਨ-11. ਵਿਗਿਆਪਨ ਸੰਬੰਧੀ ਅਧਿਨਿਯਮਾਂ ਦੀ ਜਰੂਰਤ ਕਿਉਂ ਹੈ ?**

ਉੱਤਰ- ਵਿਗਿਆਪਨ ਦੀ ਵਰਤੋ ਚੰਗੇ ਅਤੇ ਬੁਰੇ ਦੋਹਾਂ ਢੰਗਾਂ ਨਾਲ ਕੀਤੀ ਜਾ ਸਕਦੀ ਹੈ ।ਵਿਗਿਆਪਨ ਦਾ ਸਮਾਜ ਤੇ ਡੂੰਘਾ ਪ੍ਰਭਾਵ ਪੈਂਦਾ ਹੈ । ਇਸ ਲਈ ਵਿਗਿਆਪਨਾਂ ਦੀ ਗਲਤ ਵਰਤੋ ਨੂੰ ਰੋਕਣ ਲਈ ਨਿਯਮ ਜਰੂਰੀ ਹਨ ।ਉਦਾਹਰਨ ਵਜੋਂ ਅਮਰੀਕਾ ਵਿੱਚ ਤੰਬਾਕੂ ਦੇ ਵਿਗਿਆਪਨਾਂ ਤੇ ਰੋਕ ਹੈ।ਇਸ ਲਈ ਵਿਗਿਆਪਨ ਸੰਬੰਧੀ ਨਿਯਮ ਜਰੂਰੀ ਹਨ ਤਾਂ ਜੋ ਬੁਰੀਆ ਚੀਜਾਂ ਤੋਂ ਬਚਿਆ ਜਾ ਸਕੇ ।

**ਪ੍ਰਸ਼ਨ-12. ਉਨ੍ਹਾਂ ਨੈਤਿਕ ਨਿਯਮਾਂ ਦਾ ਵੇਰਵਾ ਦਿਓ,ਜਿੰਨ੍ਹਾਂ ਨੂੰ ਮੀਡੀਏ ਦੁਆਰਾ ਅਪਣਾਉਣਾ ਜਰੂਰੀ ਹੈ ।**

ਉੱਤਰ- 1. ਲੋਕਾਂ ਤੱਕ ਸਹੀ ਤੇ ਸੱਚੀ ਗੱਲ ਪਹੁੰਚਾਉਣਾ ।

2. ਲੋਕ ਭਲਾਈ ਲਈ ਕੰਮ ਕਰਨਾ ।

3. ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ ।

4. ਸਮਾਜਿਕ ਜਿੰਮੇਂਵਾਰੀ ਨੂੰ ਸਹੀ ਢੰਗ ਨਾਲ ਨਿਭਾਉਣਾ ।

Harbans Gorkhnath

**ਖਾਲੀ ਥਾਂਵਾਂ ਭਰੋ:-**

1) ਸ਼ਕਤੀਸ਼ਾਲੀ ਅਤੇ ਸਿੱਧਾ 2) ਸਹੀ ਸੂਚਨਾ 3) ਸਦਾਚਾਰ 4) ਉਦੇਸ਼ 5) ਵਿਕਰੀ ਜਾਂ ਮੰਗ 6) ਰਾਜਨੀਤਿਕ

**ਬਹੁਵਿਕਲਪੀ ਪ੍ਰਸ਼ਨ-ਉੱਤਰ:-**

1. ਟੈਲੀਵਿਜ਼ਨ 2. ਦੋ 3. ਭਾਰਤ

**ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ:-**

1. (√) 2. (√) 3. (√)

# ਪਾਠ-7 (ਕੁਦਰਤੀ ਬਨਸਪਤੀ ਅਤੇ ਜੰਗਲੀ ਜੀਵ)

**ਪ੍ਰਸ਼ਨ-1. ਕੁਦਰਤੀ ਬਨਸਪਤੀ ਤੋਂ ਕੀ ਭਾਵ ਹੈ ?**

ਉੱਤਰ- ਕੁਦਰਤੀ ਬਨਸਪਤੀ ਤੋਂ ਭਾਵ ਉਨ੍ਹਾਂ ਰੁੱਖ-ਪੋਦਿਆਂ ਅਤੇ ਜੜ੍ਹੀ-ਬੂਟੀਆਂ ਤੋਂ ਹੈ ਜੋ ਕੁਦਰਤੀ ਤੌਰ ਤੇ ਆਪਣੇ ਆਪ ਉੱਗ ਆਉਂਦੇ ਹਨ। ਇਹਨਾਂ ਵਿੱਚ ਮਨੁੱਖ ਦਾ ਕੋਈ ਯੋਗਦਾਨ ਨਹੀਂ ਹੁੰਦਾ ।

**ਪ੍ਰਸ਼ਨ-2. ਕੁਦਰਤੀ ਬਨਸਪਤੀ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਗਿਆ ਹੈ ?**

ਉੱਤਰ- ਕੁਦਰਤੀ ਬਨਸਪਤੀ ਨੂੰ **ਤਿੰਨ** ਭਾਗਾਂ ਵਿੱਚ ਵੰਡਿਆ ਗਿਆ ਹੈ:-

1. ਵਣ/ ਜੰਗਲ 2. ਘਾਹ ਦੇ ਮੈਦਾਨ 3. ਮਾਰੂਥਲੀ ਝਾੜੀਆਂ ।

**ਪ੍ਰਸ਼ਨ-3. ਜੰਗਲਾਂ ਤੋਂ ਕਿਹੜੀਆਂ-ਕਿਹੜੀਆਂ ਵਸਤੂਆਂ ਪ੍ਰਾਪਤ ਹੁੰਦੀਆਂ ਹਨ ?**

ਉੱਤਰ- ਜੰਗਲਾਂ ਤੋਂ ਸਾਨੂੰ ਕਈ ਤਰ੍ਹਾਂ ਦੀ ਲੱਕੜੀ, ਬਾਂਸ, ਕਾਗਜ਼ ਬਣਾਉਣ ਵਾਲੇ ਘਾਹ, ਗੂੰਦ, ਗੰਦਾ ਬਰੋਜਾ, ਤਾਰਪੀਨ, ਲਾਖ, ਚਮੜਾ ਰੰਗਣ ਦਾ ਛਿਲਕਾ, ਦਵਾਈਆਂ ਲਈ ਜੜ੍ਹੀ-ਬੂਟੀਆਂ ਅਦਿ ਵਸਤਾਂ ਪ੍ਰਾਪਤ ਹੁੰਦੀਆਂ ਹਨ ।

**ਪ੍ਰਸ਼ਨ- 4. ਵਣ ਅਸਿੱਧੇ ਤੌਰ ਤੇ ਸਾਡੀ ਕੀ ਸਹਾਇਤਾ ਕਰਦੇ ਹਨ ?**

ਉੱਤਰ- 1. ਇਹ ਵਾਤਾਵਰਨ ਤੋਂ ਕਾਰਬਨ ਡਾਈਆਕਸਾਈਡ ਲੈ ਕੇ ਆਕਸੀਜਨ ਛੱਡਦੇ ਹਨ ।

2. ਇਹ ਵਰਖਾ ਲਿਆਉਣ ਵਿੱਚ ਸਹਾਇਕ ਹੁੰਦੇ ਹਨ ਅਤੇ ਤਾਪਮਾਨ ਨੂੰ ਬਹੁਤਾ ਨਹੀਂ ਵਧਣ ਦਿੰਦੇ ।

3. ਇਹ ਹੜ੍ਹ ਅਤੇ ਭੌਂ-ਖੋਰ ਨੂੰ ਰੋਕਦੇ ਹਨ ।

4. ਇਹ ਜੰਗਲੀ ਜਾਨਵਰਾਂ ਅਤੇ ਪੰਛੀਆਂ ਨੂੰ ਆਵਾਸ ਪ੍ਰਦਾਨ ਕਰਦੇ ਹਨ ।

**ਪ੍ਰਸ਼ਨ-5. ਵਣਾਂ ਦੇ ਵਿਨਾਸ਼ ਦਾ ਕੀ ਅਸਰ ਪਵੇਗਾ?**

ਉੱਤਰ- ਵਣਾਂ ਦੇ ਵਿਨਾਸ਼ ਨਾਲ ਵਾਯੂਮੰਡਲ ਵਿੱਚ ਕਾਰਬਨ ਡਾਇਆਕਸਾਈਡ ਦੀ ਮਾਤਰ ਵਧ ਜਾਵੇਗੀ ਅਤੇ ਆਕਸੀਜਨ ਘਟ ਜਾਵੇਗੀ ਜਿਸ ਨਾਲ ਜੀਵ ਜੰਤੂਆਂ ਦਾ ਜਿਉਂਦੇ ਰਹਿਣਾ ਅਸੰਭਵ ਹੋ ਜਾਵੇਗਾ। ਵਣਾਂ ਦੇ ਵਿਨਾਸ਼ ਨਾਲ ਵਰਖਾ ਵਿੱਚ ਕਮੀਂ ਆ ਜਾਵੇਗੀ ਅਤੇ ਗਰਮੀਂ ਬਹੁਤ ਜਿਆਦਾ ਵਧ ਜਾਵੇਗੀ। ਇਸ ਦੇ ਇਲਾਵਾ ਹੜ੍ਹ ਵਧੇਰੇ ਆਉਣਗੇ ਅਤੇ ਮਾਰੂਥਲਾਂ ਦਾ ਵਿਸ਼ਥਾਰ ਹੋਵੇਗਾ ।

**ਪ੍ਰਸ਼ਨ-6. ਮਨੁੱਖ ਪਰਿਸਥਿਤੀ ਸੰਤੁਲਨ ਨੂੰ ਕਿਵੇਂ ਵਿਗਾੜ ਰਿਹਾ ਹੈ?**

ਉੱਤਰ- ਮਨੁੱਖ (ਆਵਾਸ) ਰਹਿਣ ਲਈ ਥਾਂ ਅਤੇ ਖੇਤੀ ਯੋਗ ਭੂਮੀਂ ਪ੍ਰਾਪਤ ਕਰਨ ਲਈ ਵਣਾਂ ਦੀ ਅੰਨ੍ਹੇਵਾਹ ਕਟਾਈ ਕਰ ਰਿਹਾ ਹੈ। ਇਸ ਨਾਲ ਪਰਿਸਥਿਤੀ ਸੰਤੁਲਨ ਵਿਗੜ ਰਿਹਾ ਹੈ ।

**ਪ੍ਰਸ਼ਨ-7. ਊਸ਼ਣ ਘਾਹ ਸਦੇ ਮੈਦਾਨਾਂ ਦੇ ਸਥਾਨਕ ਨਾਂ ਦੱਸੋ।**

ਉੱਤਰ-ਊਸ਼ਣ ਘਾਹ ਦੇ ਮੈਦਾਨਾਂ ਨੂੰ ਅਫਰੀਕਾ ਵਿੱਚ **ਪਾਰਕਲੈਂਡ**, ਵੇਂਗੁਏਲਾ ਵਿੱਚ **ਲਾਨੋਜ਼** ਅਤੇ ਬ੍ਰਾਜ਼ੀਲ ਵਿੱਚ **ਕੈਂਪੋਜ** ਕਹਿੰਦੇ ਹਨ।

Harbans Gorkhnath

**ਪ੍ਰਸ਼ਨ- 8. ਠੰਢੇ ਮਾਰੂਥਲਾਂ ਦੀ ਬਨਸਪਤੀ ਬਾਰੇ ਲਿਖੋ ।**

ਉੱਤਰ- ਠੰਢੇ ਮਾਰੂਥਲਾਂ ਵਿੱਚ ਜਦੋਂ ਥੋੜੇ ਸਮੇਂ ਲਈ ਬਰਫ ਪਿਘਲਦੀ ਹੈ ਤਾਂ ਵੱਖ ਵੱਖ ਰੰਗਾਂ ਦੇ ਫੁੱਲਾਂ ਵਾਲੇ ਛੋਟੇ-ਛੋਟੇ ਪੌਦੇ ਉੱਗ ਪੈਂਦੇ ਹਨ। ਉੱਤਰੀ ਭਾਗਾਂ ਵਿੱਚ ਛੋਟੀ- ਛੋਟੀ ਘਾਹ ਜਿਵੇਂ **ਕਾਈ** ਅਤੇ **ਲਿਚਨ** ਉੱਗ ਜਾਂਦੀ ਹੈ ।

**ਪ੍ਰਸ਼ਨ-9. ਭੂ-ਮੱਧ ਰੇਖੀ ਵਣਾਂ ਬਾਰੇ ਲਿਖੋ ।**

ਉੱਤਰ-ਭੂ-ਮੱਧ ਰੇਖਾ ਤੇ ਤਪਮਾਨ ਵੱਧ ਰਹਿੰਦਾ ਹੈ ਅਤੇ ਵਰਖਾ ਵੱਧ ਹੁੰਦੀ ਹੈ ।ਇੱਥੇ ਸਦਾਬਹਾਰ ਸੰਘਣੇ ਵਣ ਹੁੰਦੇ ਹਨ । ਇਹਨਾਂ ਵਣਾਂ ਦੀਆਂ ਉੱਪਰਲੀਆਂ ਟਹਿਣੀਆਂ ਆਪਸ ਵਿੱਚ ਇਸ ਤਰ੍ਹਾਂ ਰਲੀਆਂ ਹੁੰਦੀਆਂ ਹਨ ਕਿ ਛੱਤਰੀ ਦੀ ਤਰ੍ਹਾਂ ਦਿਖਾਈ ਦਿੰਦੀਆਂ ਹਨ ਤੇ ਸੂਰਜ ਦੀ ਰੋਸ਼ਨੀ ਵੀ ਧਰਤੀ ਤੇ ਨਹੀਂ ਪਹੁੰਚ ਪਾਉਂਦੀ । ਇਹ ਵਣ ਆਰਥਿਕ ਪੱਖ ਤੋਂ ਲਾਭਦਾਇਕ ਨਹੀਂ ਹਨ ਕਿਉਂਕਿ ਬਹੁਤ ਜਿਆਦਾ ਸੰਘਣੇ ਹੋਣ ਕਾਰਨ ਇਹਨਾਂ ਦੀ ਕਟਾਈ ਨਹੀਂ ਹੋ ਸਕਦੀ।

**ਪ੍ਰਸ਼ਨ-10. ਆਰਥਿਕ ਪੱਖ ਤੋਂ ਕਿਹੜੇ ਵਣ ਜਿਆਦਾ ਮਹੱਤਵਪੂਰਨ ਅਤੇ ਕੀਮਤੀ ਹਨ ?**

ਉੱਤਰ- ਆਰਥਿਕ ਪੱਖ ਤੋਂ ਸਭ ਤੋਂ ਵੱਧ ਮਹੱਤਵਪੂਰਨ ਅਤੇ ਕੀਮਤੀ ਜੰਗਲ ਨੁਕੀਲੇ ਪੱਤਿਆਂ ਵਾਲੇ ਜੰਗਲ ਹਨ।ਇਨ੍ਹਾਂ ਵਣਾਂ ਵਿੱਚ **ਚੀਲ ਫਰ** ਆਦਿ ਰੁੱਖ ਮਿਲਦੇ ਹਨ। ਇਨ੍ਹਾਂ ਰੁੱਖਾਂ ਦੀ ਨਰਮ ਲੱਕੜੀ ਤੋਂ ਗੁੱਦਾ ਅਤੇ ਕਾਗਜ਼ ਬਣਾਇਆ ਜਾਂਦਾ ਹੈ ।

**ਪ੍ਰਸ਼ਨ- 11. ਮਾਨਸੂਨੀ ਜੰਗਲਾਂ ਨੂੰ ਪਤਝੜੀ ਵਣਾਂ ਦੇ ਨਾਂ ਨਾਲ ਕਿਉਂ ਪੁਕਾਰਿਆ ਜਾਂਦਾ ਹੈ ?**

ਉੱਤਰ- ਇਹ ਵਣ ਉਨ੍ਹਾਂ ਖੇਤਰਾਂ ਵਿੱਚ ਵਧੇਰੇ ਹੁੰਦੇ ਹਨ ਜਿੱਥੇ ਮਾਨਸੂਨ ਪੌਣਾਂ ਕਾਰਨ ਜਿਆਦਾ ਵਰਖਾ ਹੁੰਦੀ ਹੈ ।ਇਸ ਕਰਕੇ ਇਹਨਾਂ ਨੂੰ ਮਾਨਸੂਨੀ ਵਣ ਕਿਹਾ ਜਾਂਦਾ ਹੈ ।ਇਹਨਾਂ ਦੇ ਪੱਤੇ ਚੌੜੇ ਅਤੇ ਵੱਡੇ ਹੁੰਦੇ ਹਨ ।ਜਿਹੜੀ ਰੁੱਤ ਵਿੱਚ ਵਰਖਾ ਨਹੀਂ ਹੁੰਦੀ ਇਹ ਵਣ ਆਪਣੇ ਪੱਤੇ ਝਾੜ ਦਿੰਦੇ ਹਨ।ਇਸ ਕਰਕੇ ਇਹਨਾਂ ਨੂੰ ਪਤਝੜੀ ਵਣ ਵੀ ਕਿਹਾ ਜਾਂਦਾ ਹੈ ।

**ਪ੍ਰਸ਼ਨ- 12. ਸ਼ੀਤ ਊਸ਼ਣ ਘਾਹ ਦੇ ਮੈਦਾਨਾਂ ਬਾਰੇ ਲਿਖੋ । ਵੱਖ-ਵੱਖ ਮਹਾਂਦੀਪਾਂ ਵਿੱਚ ਇਨ੍ਹਾਂ ਦੇ ਕੀ ਨਾਂ ਹਨ ?**

ਉੱਤਰ- ਇਹ ਮੈਦਾਨ ਘੱਟ ਵਰਖਾ ਵਾਲੇ ਸ਼ੀਤ ਊਸ਼ਣ ਖੇਤਰਾਂ ਵਿੱਚ ਪਾਏ ਜਾਂਦੇ ਹਨ।ਇਨ੍ਹਾਂ ਦੀ ਘਾਹ ਜਿਆਦਾ ਉੱਚੀ ਤਾਂ ਨਹੀਂ ਹੁੰਦੀ ਪ੍ਰੰਤੂ ਨਰਮ ਅਤੇ ਸੰਘਣੀ ਹੁੰਦੀ ਹੈ। ਇਸ ਕਰਕੇ ਇਹ ਪਸ਼ੂਆਂ ਦੇ ਚਾਰੇ ਲਈ ਬਹੁਤ ਉਪਯੋਗੀ ਹੈ ।ਇਹਨਾਂ ਘਾਹ ਦੇ ਮੈਦਾਨਾਂ ਨੂੰ ਯੂਰੇਸ਼ੀਆ ਵਿੱਚ ਸਟੈਪੀਜ਼, ਉੱਤਰੀ ਅਮਰੀਕਾ ਵਿੱਚ ਪੈਅਰੀਜ਼, ਦੱਖਣੀ ਅਮਰੀਕਾ ਵਿੱਚ ਪੰਪਾਜ਼, ਦੱਖਣੀ ਅਫਰੀਕਾ ਵਿੱਚ ਵੈਲਡ ਅਤੇ ਆਸਟ੍ਰੇਲੀਆ ਵਿੱਚ ਡਾਊਨਜ਼ ਦੇ ਨਾਂ ਨਾਲ ਸੱਦਿਆ ਜਾਂਦਾ ਹੈ ।

**ਪ੍ਰਸ਼ਨ-13.ਗਰਮ ਮਾਰੂਥਲੀ ਬਨਸਪਤੀ ਬਾਰੇ ਲਿਖੋ।**

ਉੱਤਰ- ਗਰਮ ਮਾਰੂਥਲਾਂ ਵਿੱਚ ਜਿਆਦਾ ਗਰਮੀ ਅਤੇ ਘੱਟ ਵਰਖਾ ਕਾਰਨ ਬਹੁਤ ਘੱਟ ਬਨਸਪਤੀ ਹੁੰਦੀ ਹੈ ।ਭਾਰਤ ਅਤੇ ਪਾਕਿਸਤਾਨ ਦਾ ਥਾਰ ਮਾਰੂਥਲ, ਅਫਰੀਕਾ ਦਾ ਸਹਾਰਾ ਮਾਰੂਥਲ ਆਦਿ ਗਰਮ ਮਾਰੂਥਲ ਹਨ ।ਇਨ੍ਹਾਂ ਵਿੱਚ ਕੰਡੇਦਾਰ ਝਾੜੀਆਂ , ਛੋਟੀਆਂ-ਛੋਟੀਆਂ ਜੜ੍ਹੀ ਬੂਟੀਆਂ ਅਤੇ ਘਾਹ ਆਦਿ ਹੀ ਉੱਗਦਾ ਹੈ । ਇਸ ਬਨਸਪਤੀ ਦੀਆਂ ਜੜ੍ਹਾਂ ਲੰਮੀਆਂ ਤੇ ਮੋਟੀਆਂ ਹੁੰਦੀਆਂ ਹਨ ਤਾਂ ਕਿ ਪੌਦੇ ਡੂੰਘਾਈ ਤੋਂ ਨਮੀ ਪ੍ਰਾਪਤ ਕਰ ਸਕਣ।

**ਪ੍ਰਸ਼ਨ- 14. ਵਣਾਂ ਦੀ ਸੰਭਾਲ ਕਿਉਂ ਜਰੂਰੀ ਹੈ ?**

ਉੱਤਰ- ਵਣ ਸਾਡੇ ਲਈ ਬਹੁਤ ਮਹੱਤਵਪੂਰਨ ਹਨ ਕਿਉਂਕਿ ਇਹ ਸਾਡੀਆਂ ਬਹੁਤ ਸਾਰੀਆਂ ਲੋੜਾਂ ਪੂਰੀਆਂ ਕਰਦੇ ਹਨ।ਵਣਾਂ ਤੋਂ ਸਾਨੂੰ ਲੱਕੜੀ, ਦਵਾਈਆਂ, ਜੜ੍ਹੀ-ਬੂਟੀਆਂ ਆਦਿ ਪ੍ਰਾਪਤ ਹੁੰਦੇ ਹਨ ।ਇਹ ਸਾਡੇ ਵਾਤਾਵਰਨ ਦੇ ਸੰਤੁਲਨ ਨੂੰ ਕਾਇਮ ਰੱਖਦੇ ਹਨ ਅਤੇ ਵਰਖਾ ਲਿਆਉਣ ਵਿੱਚ ਸਹਾਇਤਾ ਕਰਦੇ ਹਨ। ਅੱਜਕੱਲ੍ਹ ਵਸੋ ਦੇ ਵਾਧੇ ਨਾਲ ਜੰਗਲ ਲਗਾਤਾਰ ਘਟ ਰਹੇ ਹਨ ।ਇਸ ਲਈ ਸਾਨੂੰ ਵਣਾਂ ਦੀ ਸੰਭਾਲ ਕਰਨੀ ਚਾਹੀਂਦੀ ਹੈ ਅਤੇ ਨਵੇਂ ਰੁੱਖ ਲਗਾਉਣੇ ਚਾਹੀਂਦੇ ਹਨ ।

# ਪਾਠ-18

# ਧਾਰਮਿਕ ਵਿਕਾਸ

**ਪ੍ਰਸ਼ਨ-1. ਇੱਕ ਨਵੇਂ ਧਰਮ ਦੀਨੇ-ਇਲਾਹੀ ਦੀ ਸਥਾਪਨਾ ਕਿਸਨੇ ਕੀਤੀ ?**

ਉੱਤਰ- ਦੀਨੇ-ਇਲਾਹੀ ਦੀ ਸਥਾਪਨਾ ਅਕਬਰ ਨੇ ਕੀਤੀ।

**ਪ੍ਰਸ਼ਨ-2. ਅਦਵੈਤ ਤੋਂ ਤੁਹਾਡਾ ਕੀ ਭਾਵ ਹੈ ?**

ਉੱਤਰ- ਅਦਵੈਤ ਤੋਂ ਭਾਵ ਹੈ ਕਿ ਪ੍ਰਮਾਤਮਾ ਅਤੇ ਜੀਵ ਇੱਕੋ ਹਨ ।

**ਪ੍ਰਸ਼ਨ-3. ਇਸਲਾਮ ਧਰਮ ਦੀਆਂ ਦੋ ਪ੍ਰਮੁੱਖ ਸੰਪਰਦਾਵਾਂ ਦੇ ਨਾਂ ਲਿਖੋ ।**

ਉੱਤਰ- ਸ਼ਿਆ ਅਤੇ ਸੁੰਨੀ ।

**ਪ੍ਰਸ਼ਨ-4. ਚਿਸ਼ਤੀ ਅਤੇ ਸੁਹਰਾਵਰਦੀ ਸਿਲਸਿਲੇ ਦੇ ਸੰਸਥਾਪਕਾਂ ਦੇ ਨਾਂ ਲਿਖੋ ।**

ਉੱਤਰ- ਚਿਸ਼ਤੀ ਸਿਲਸਿਲੇ ਦੀ ਸਥਾਪਨਾ ਸੰਤ ਮੁਈਨੁੱਦੀਨ ਚਿਸ਼ਤੀ ਅਤੇ ਸੁਹਰਾਵਰਦੀ ਸਿਲਸਿਲੇ ਦੀ ਸਥਾਪਨਾ ਸੰਤ ਮਖਦੂਮ ਬਹਾਉਂਦੀਨ ਜ਼ਕਰੀਆ ਨੇ ਕੀਤੀ ।

Harbans Gorkhnath

**ਪ੍ਰਸ਼ਨ-5.ਸੰਤ ਰਾਮਾਨੁਜ ਬਾਰੇ ਤੁਸੀਂ ਕੀ ਜਾਣਦੇ ਹੋਂ ?**

ਉੱਤਰ- ਸੰਤ ਰਾਮਾਨੁੱਜ ਜੀ ਭਗਵਾਨ ਵਿਸ਼ਨੂੰ ਜੀ ਦੇ ਭਗਤ ਸਨ। ਉਹ ਦੱਖਣੀ ਭਾਰਤ ਵਿੱਚ ਵੈਸ਼ਨਵ ਮਤ ਦੇ ਮਹਾਨ ਪ੍ਰਚਾਰਕ ਸਨ।ਉਹਨਾਂ ਨੇ ਜਾਤ-ਪਾਤ ਦਾ ਵਿਰੋਧ ਕੀਤਾ ।

**ਪ੍ਰਸ਼ਨ-6. ਸੰਤ ਰਾਮਾਨੰਦ ਦਾ ਜਨਮ ਕਿੱਥੇ ਅਤੇ ਕਦੋਂ ਹੋਇਆ ?**

ਉੱਤਰ- ਸੰਤ ਰਾਮਾਨੰਦ ਜੀ ਦਾ ਜਨਮ ਪ੍ਰਯਾਗ ( ਇਲਾਹਾਬਾਦ) ਵਿਖੇ 14ਵੀਂ ਸਦੀ ਵਿੱਚ ਇੱਕ ਬ੍ਰਾਹਮਣ ਪਰਿਵਾਰ ਵਿੱਚ ਹੋਇਆ ਸੀ ।

**ਪ੍ਰਸ਼ਨ-7. ਚੈਤੰਨਯ ਮਹਾਂਪ੍ਰਭੂ ਕੌਣ ਸਨ?**

ਉੱਤਰ- ਚੈਤੰਨਯ ਮਹਾਂਪ੍ਰਭੂ ਇੱਕ ਮਹਾਨ ਭਗਤੀ ਸੰਤ ਸਨ।ਉਹਨਾਂ ਦਾ ਜਨਮ ਬੰਗਾਲ ਦੇ ਇੱਕ ਪਿੰਡ ਨਦੀਆ ਵਿੱਚ ਹੋਇਆ।ਉਹ ਲੋਕਾਂ ਨੂੰ ਪਰਮਾਤਮਾਂ ਦੀ ਭਗਤੀ ਕਰਨ ਦਾ ਉਪਦੇਸ਼ ਦਿੰਦੇ ਸਨ।

**ਪ੍ਰਸ਼ਨ-8. ਪੈਗੰਬਰ ਹਜ਼ਰਤ ਮੁਹੰਮਦ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ਸੀ ?**

ਉੱਤਰ- ਪੈਗੰਬਰ ਹਜ਼ਰਤ ਮੁਹੰਮਦ ਦਾ ਜਨਮ 570 ਈ: ਵਿੱਚ ਮੱਕੇ ਵਿੱਚ ਹੋਇਆ ਸੀ ।

# ਪਾਠ-25 ਲਿੰਗ ਅਸਮਾਨਤਾ

**ਪ੍ਰਸ਼ਨ-1. ਲਿੰਗ ਅਸਮਾਨਤਾ ਤੋਂ ਕੀ ਭਾਵ ਹੈ ?**

ਉੱਤਰ- ਜੇਕਰ ਲੜਕੇ ਅਤੇ ਲੜਕੀ ਪ੍ਰਤੀ ਭਿੰਨ-ਭਿੰਨ ਵਿਵਹਾਰ ਕੀਤਾ ਜਾਵੇ ਤਾਂ ਇਸਨੂੰ ਲਿੰਗ ਅਸਮਾਨਤਾ ਕਿਹਾ ਜਾਂਦਾ ਹੈ। ਇਹ ਸਮਾਜ ਦੁਆਰਾ ਪੈਦਾ ਕੀਤੀ ਅਸਮਾਨਤਾ ਹੈ ।

**ਪ੍ਰਸ਼ਨ-2.ਲਿੰਗ ਤੋਂ ਤੁਸੀਂ ਕੀ ਸਮਝਦੇ ਹੋਂ ?**

ਉੱਤਰ- ਕੁਝ ਭੌਤਿਕ ਅਤੇ ਸਰੀਰਕ ਲੱਛਣ ਔਰਤ ਅਤੇ ਮਰਦ ਨੂੰ ਅਲੱਗ ਅਲੱਗ ਦਰਸਾਉਂਦੇ ਹਨ।ਇਹਨਾਂ ਲੱਛਣਾ ਦੁਆਰਾ ਨਿਰਧਾਰਿਤ ਅੰਤਰ ਲਿੰਗ ਅਖਵਾਉਂਦਾ ਹੈ ।

**ਪ੍ਰਸ਼ਨ-3. ਕੀ ਘਰ ਵਿੱਚ ਤੁਸੀਂ ਆਪਣੀ ਭੈਣ ਨੂੰ ਬਰਾਬਰ ਸਮਝਦੇ ਹੋਂ ?**

ਉੱਤਰ- ਹਾਂ, ਮੈਂ ਘਰ ਵਿੱਚ ਆਪਣੀ ਭੈਣ ਨੂੰ ਬਰਾਬਰ ਸਮਝਦਾ ਹਾਂ । ਉਸਦਾ ਪਾਲਣ-ਪੋਸ਼ਣ ਠੀਕ ਉਸੇ ਤਰ੍ਹਾਂ ਹੁੰਦਾ ਹੈ ਜਿਸ ਤਰ੍ਹਾਂ ਮੇਰਾ । ਉਸਨੂੰ ਮੇਰੀ ਤਰ੍ਹਾਂ ਹੀ ਚੰਗਾ ਭੋਜਨ, ਚੰਗੇ ਕੱਪੜੇ ਅਤੇ ਉਚਿਤ ਸਿੱਖਿਆ ਦਿੱਤੀ ਜਾਂਦੀ ਹੈ ।

**ਪ੍ਰਸਨ- 4. ਔਰਤਾਂ ਨਾਲ ਵਖਰੇਵੇਂ ਦਾ ਕੋਈ ਇੱਕ ਨੁਕਤਾ ਦੱਸੋ ।**

ਉੱਤਰ- ਅੱਜ ਦੇ ਸਮਾਜ ਵਿੱਚ ਵੀ ਮਰਦ ਨੂੰ ਔਰਤ ਨਾਲੋਂ ਵੱਧ ਸ਼ਕਤੀਸ਼ਾਲੀ ਸਮਝਿਆ ਜਾਂਦਾ ਹੈ। ਔਰਤ ਨੂੰ ਦਿਮਾਗੀ ਤੌਰ ਤੇ ਵੀ ਮਰਦ ਨਾਲੋਂ ਘੱਟ ਸਮਝਿਆ ਜਾਂਦਾ ਹੈ ।

**ਪ੍ਰਸ਼ਨ- 5. ਕੀ ਵਿੱਦਿਆ ਨਾਲ ਲਿੰਗ ਵਿਤਕਰਾ ਘਟਾਇਆ ਜਾ ਸਕਦਾ ਹੈ ?**

ਉੱਤਰ- ਹਾਂ, ਵਿੱਦਿਆ ਨਾਲ ਲਿੰਗ ਵਿਤਕਰਾ ਘਟਾਇਆ ਜਾ ਸਕਦਾ ਹੈ।ਸਿੱਖਿਆ ਮਨੁੱਖ ਨੂੰ ਜਾਗਰੂਕ ਕਰਦੀ ਹੈ ਅਤੇ ਸਾਰਿਆਂ ਨਾਲ ਸਮਾਨ ਵਿਵਹਾਰ ਸਿਖਾਉਂਦੀ ਹੈ ।ਸਿੱਖਿਅਤ ਔਰਤਾਂ ਦਾ ਸ਼ੋਸ਼ਣ ਵੀ ਨਹੀਂ ਕੀਤਾ ਜਾ ਸਕਦਾ ।

**ਪ੍ਰਸ਼ਨ- 6. ਕੀ ਭਾਰਤੀ ਪਰੰਪਰਾਵਾਂ ਲਿੰਗ ਅਸਮਾਨਤਾ ਨੂੰ ਉਤਸ਼ਾਹਿਤ ਕਰਦੀਆਂ ਹਨ ?**

ਉੱਤਰ- ਹਾਂ, ਭਾਰਤੀ ਪਰੰਪਰਾਵਾਂ ਲਿੰਗ ਅਸਮਾਨਤਾ ਨੂੰ ਉਤਸ਼ਾਹਿਤ ਕਰਦੀਆਂ ਹਨ । ਭਾਰਤੀ ਸਮਾਜ ਵਿੱਚ ਲੜਕੇ ਦੇ ਜਨਮ ਨੂੰ ਪਹਿਲ ਦਿੱਤੀ ਜਾਂਦੀ ਹੈ ।ਇਹ ਸਮਝਿਆ ਜਾਂਦਾ ਹੈ ਕਿ ਲੜਕਾ ਹੀ ਪਰਿਵਾਰ ਨੂੰ ਅੱਗੇ ਵਧਾਉਂਦਾ ਹੈ ।ਲੜਕੀ ਨੂੰ ਇੱਕ ਜਿੰਮੇਵਾਰੀ ਸਮਝਿਆ ਜਾਂਦਾ ਹੈ ।

**ਪ੍ਰਸ਼ਨ- 7.ਸਮਾਜਿਕ ਖੇਤਰ ਵਿੱਚ ਕੋਈ ਦੋ ਲਿੰਗ ਅਸਮਾਨਤਾਵਾਂ ਬਾਰੇ ਲਿਖੋ ।**

ਉੱਤਰ- **1.ਪਰਿਵਾਰ ਵਿੱਚ**- ਸਾਡੇ ਪਰਿਵਾਰਾਂ ਵਿੱਚ ਲੜਕੀਆਂ ਨਾਲ ਭੇਦਭਾਵ ਕੀਤਾ ਜਾਂਦਾ ਹੈ ।ਲੜਕੀਆਂ ਨੂੰ ਘਰ ਦਾ ਸਾਰਾ ਕੰਮ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਨੂੰ ਘਰ ਅੰਦਰ ਹੀ ਰਹਿਣ ਲਈ ਮਜਬੂਰ ਕੀਤਾ ਜਾਂਦਾ ਹੈ ।

**2. ਸਮਾਜ ਵਿੱਚ**- ਸਾਡੇ ਸਮਾਜ ਵਿੱਚ ਵੀ ਮਰਦਾ ਦਾ ਪੂਰਨ ਕੰਟਰੋਲ ਹੈ ।ਵਧੇਰੇ ਕੁਸ਼ਲਤਾ ਅਤੇ ਸਮਝਦਾਰੀ ਵਾਲੇ ਕੰਮ ਮਰਦਾਂ ਨੂੰ ਸੌਂਪੇ ਜਾਂਦੇ ਹਨ । ਔਰਤਾਂ ਨੂੰ ਇਸਦੇ ਯੋਗ ਨਹੀਂ ਸਮਝਿਆ ਜਾਂਦਾ।

**ਪ੍ਰਸ਼ਨ- 8.ਆਰਥਿਕ ਖੇਤਰ ਵਿੱਚ ਲਿੰਗ ਅਸਮਾਨਤਾ ਬਾਰੇ ਸੰਖੇਪ ਨੋਟ ਲਿਖੋ ।**

Harbans Gorkhnath

ਉੱਤਰ- 1. ਧਨ-ਸੰਪਤੀ ਦੀ ਵੰਡ ਵਿੱਚ ਅੱਜ ਵੀ ਔਰਤਾਂ ਨੂੰ ਬਰਾਬਰ ਅਧਿਕਾਰ ਨਹੀਂ ਦਿੱਤੇ ਜਾਂਦੇ ।

2. ਪੜ੍ਹੀਆਂ-ਲਿਖੀਆਂ ਔਰਤਾਂ ਨੂੰ ਨੌਕਰੀ ਦੇ ਨਾਲ-ਨਾਲ ਘਰ ਦਾ ਕੰਮ ਵੀ ਕਰਨਾ ਪੈਂਦਾ ਹੈ। ਉਸਦੀ ਕਮਾਈ ਤੇ ਅਧਿਕਾਰ ਵੀ ਉਸਦੇ ਪਤੀ ਦਾ ਹੀ ਹੁੰਦਾ ਹੈ ।

3. ਕਾਰਖਾਨਿਆਂ ਵਿੱਚ ਸਮਾਨ ਕੰਮ ਲਈ ਔਰਤਾਂ ਨੂੰ ਮਰਦ ਮਜਦੂਰਾਂ ਤੋਂ ਘੱਟ ਮਜਦੂਰੀ ਦਿੱਤੀ ਜਾਂਦੀ ਹੈ ।

**ਪ੍ਰਸ਼ਨ- 9. ਚਾਰ ਅਜਿਹੇ ਤੱਥ ਲਿਖੋ ਜਿੰਨ੍ਹਾਂ ਕਾਰਨ ਲਿੰਗ ਅਸਮਾਨਤਾ ਲਗਾਤਾਰ ਚਲਦੀ ਆ ਰਹੀ ਹੈ ।**

ਉੱਤਰ- 1. ਪਿੰਡਾ ਵਿੱਚ ਅੱਜ ਵੀ ਔਰਤਾਂ ਆਪਣਾ ਮੂੰਹ ਢਕ ਕੇ ਰੱਖਦੀਆਂ ਹਨ ਅਤੇ ਮਰਦਾਂ ਨਾਲ ਖੁੱਲ ਕੇ ਗੱਲ ਨਹੀਂ ਕਰਦੀਆਂ ।

2. ਸਮਾਜ ਦੇ ਰੀਤੀ-ਰਿਵਾਜਾਂ ਅਤੇ ਪਰੰਪਰਾਵਾਂ ਵਿੱਚ ਔਰਤ ਦਾ ਦਰਜਾ ਬਹੁਤ ਘੱਟ ਹੈ ।

3. ਔਰਤ ਨੂੰ ਰਾਜਨੀਤੀ ਦੇ ਖੇਤਰ ਵਿੱਚ ਜਾਂ ਪਰਿਵਾਰ ਸੰਬੰਧੀ ਫੈਸਲੇ ਲੈਣ ਦੇ ਯੋਗ ਨਹੀਂ ਸਮਝਿਆ ਜਾਂਦਾ।

4. ਹੁਣ ਵੀ ਔਰਤ ਨੂੰ ਆਪਣਾ ਵਿਆਹ ਆਪਣੀ ਇੱਛਾ ਨਾਲ ਕਰਵਾਉਣ ਦਾ ਅਧਿਕਾਰ ਅਮਲ ਵਿੱਚ ਨਹੀਂ ਹੈ ।

**ਪ੍ਰਸ਼ਨ- 10. ਲਿੰਗ ਸਮਾਨਤਾ ਅਤੇ ਔਰਤ ਦੀ ਹਾਲਤ ਸੁਧਾਰਨ ਲਈ ਸਰਕਾਰ ਦੁਆਰਾ ਕੀਤੇ ਜਾ ਰਹੇ ਕੰਮ ਲਿਖੋ ।**

ਉੱਤਰ- 1. ਕੰਨਿਆ ਨੂੰ ਮਾਤਾ ਪਿਤਾ ਦੀ ਸੰਪਤੀ ਵਿੱਚ ਸਮਾਨ ਅਧਿਕਾਰ ਦਿੱਤਾ ਗਿਆ ਹੈ ।

2. ਪਤੀ ਦੀ ਸੰਪਤੀ ਤੇ ਔਰਤ ਦਾ ਬਰਾਬਰ ਦਾ ਅਧਿਕਾਰ ਹੈ ।

3. ਦਹੇਜ਼ ਲੈਣਾ ਗੈਰ-ਕਾਨੂੰਨੀ ਹੈ ।

4. ਬਾਲ-ਵਿਆਹ ਨੂੰ ਗੈਰ-ਕਾਨੂੰਨੀ ਘੋਸ਼ਿਤ ਕਰ ਦਿੱਤਾ ਗਿਆ ਹੈ ।

5. ਔਰਤਾਂ ਨੂੰ ਬਰਾਬਰ ਕੰਮ ਲਈ ਮਰਦਾਂ ਦੇ ਸਮਾਨ ਤਨਖਾਹ ਦਿੱਤੀ ਜਾਂਦੀ ਹੈ ।

**ਪ੍ਰਸ਼ਨ- 11. ਤੁਹਾਡੇ ਵਿਚਾਰ ਅਨੁਸਾਰ ਲੜਕੀਆਂ ਨੂੰ ਬਰਾਬਰ ਅਧਿਕਾਰ ਕਿਉਂ ਮਿਲਣੇ ਚਾਹੀਂਦੇ ਹਨ ?**

ਉੱਤਰ- ਲੜਕੀਆਂ ਦੀ ਸਿੱਖਿਆ ਦਾ ਲੜਕਿਆਂ ਦੀ ਸਿੱਖਿਆ ਨਾਲੋਂ ਵੀ ਵੱਧ ਮਹੱਤਵ ਹੈ । ਇੱਕ ਪੜ੍ਹੀ-ਲਿਖੀ ਔਰਤ ਆਪਣੇ ਪੂਰੇ ਪਰਿਵਾਰ ਨੂੰ ਪੜ੍ਹਾ-ਲਿਖਾ ਸਕਦੀ ਹੈ ਅਤੇ ਉਸਦੀ ਸਿਹਤ ਦਾ ਧਿਆਨ ਰੱਖ ਸਕਦੀ ਹੈ ।ਸਿੱਖਿਅਤ ਔਰਤ ਦਾ ਸ਼ੋਸ਼ਣ ਵੀ ਨਹੀਂ ਕੀਤਾ ਜਾ ਸਕਦਾ ।ਪੜ੍ਹੀ-ਲਿਖੀ ਔਰਤ ਆਤਮ-ਵਿਸ਼ਵਾਸ ਅਤੇ ਗਿਆਨ ਨਾਲ ਭਰਪੂਰ ਹੁੰਦੀ ਹੈ ।ਇਸ ਲਈ ਇਹ ਜਰੂਰੀ ਹੈ ਕਿ ਔਰਤ ਇੱਕ ਚੰਗੀ ਨਾਗਰਿਕ, ਪਰਿਵਾਰਕ ਮੈਂਬਰ ਅਤੇ ਸ੍ਰੇਸ਼ਟ ਮਾਂ ਬਣੇ ।

**ਖਾਲੀ ਥਾਵਾਂ ਭਰੋ:-**

1. ਗੰਭੀਰ ਸਮਾਜਿਕ 2. ਵਿਵਹਾਰ 3. ਪਰਿਵਾਰ 4. ਘਰੇਲੂ 5. ਲੜਕੀ ਭਰੂਣ ਹੱਤਿਆ 6. ਲੜਕੀ

**ਬਹੁਵਿਕਲਪੀ ਪ੍ਰਸ਼ਨ ਉੱਤਰ:-**

1. ਵਿਧਵਾ ਵਿਆਹ 2. 43% 3. 18 ਸਾਲ

**ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ:-**

1. (√) 2. (√) 3. (X) 4. (X) 5. (√)

# ਪਾਠ-8 ਮਨੁੱਖੀ ਵਾਤਾਵਰਨ-ਆਵਾਜਾਈ ਅਤੇ ਸੰਚਾਰ

**ਪ੍ਰਸ਼ਨ-1. ਖੇਤੀਬਾੜੀ ਮਨੁੱਖੀ ਬਸਤੀਆਂ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?**

ਉੱਤਰ- ਖੇਤੀਬਾੜੀ ਨਾਲ ਮਨੁੱਖੀ ਬਸਤੀਆਂ ਦਾ ਵਿਕਾਸ ਹੁੰਦਾ ਹੈ ।ਖੇਤੀਬਾੜੀ ਲਈ ਮਨੁੱਖ ਨੂੰ ਇੱਕ ਥਾਂ ਤੇ ਟਿਕ ਕੇ ਰਹਿਣਾ ਪੈਂਦਾ ਹੈ ਇਸ ਨਾਲ ਖੇਤਾਂ ਦੇ ਆਸ -ਪਾਸ ਦਾ ਇਲਾਕਾ ਆਬਾਦ ਹੋ ਜਾਂਦਾ ਹੈ ।

**ਪ੍ਰਸ਼ਨ-2. ਪਹਿਲਾਂ-ਪਹਿਲ ਮਨੁੱਖ ਨੇ ਕਿੱਥੇ ਰਹਿਣਾ ਸ਼ੁਰੂ ਕੀਤਾ ?**

ਉੱਤਰ- ਪਹਿਲਾਂ-ਪਹਿਲ ਮਨੁੱਖ ਨੇ ਨਦੀ ਘਾਟੀਆਂ ਵਿੱਚ ਰਹਿਣਾ ਸ਼ੁਰੂ ਕੀਤਾ। ਨਦੀਆਂ ਤੋਂ ਉਸ ਨੂੰ ਆਪਣੀਆਂ ਰੋਜ਼ਾਨਾ ਜਰੂਰਤਾਂ ਲਈ ਪਾਣੀ ਆਸਾਨੀ ਨਾਲ ਪ੍ਰਾਪਤ ਹੋ ਜਾਂਦਾ ਸੀ ।

**ਪ੍ਰਸ਼ਨ-3. ਕਿਸੇ ਥਾਂ ਦਾ ਧਰਾਤਲ ਬਸਤੀਆਂ ਦੇ ਵਿਕਾਸ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦਾ ਹੈ ?**

Harbans Gorkhnath

ਉੱਤਰ- ਪੱਧਰੇ ਧਰਾਤਲ ਤੇ ਬਸਤੀਆਂ ਦਾ ਵਿਕਾਸ ਜਿਆਦਾ ਹੁੰਦਾ ਹੈ ਕਿਉਂਕਿ ਇੱਥੇ ਖੇਤੀ ਅਤੇ ਰੇਲਾਂ-ਸੜਕਾਂ ਦੀ ਸਹੂਲਤ ਹੁੰਦੀ ਹੈ ।ਪਰਬਤੀ ਜਾਂ ਰੇਤੀਲੇ ਧਰਾਤਲ ਤੇ ਜੀਵਨ ਔਖਾ ਹੋਣ ਕਾਰਨ ਬਸਤੀਆਂ ਦਾ ਘੱਟ ਵਿਕਾਸ ਹੁੰਦਾ ਹੈ ।

**ਪ੍ਰਸ਼ਨ-4. ਸੜਕ ਮਾਰਗਾਂ ਦਾ ਕੀ ਮਹੱਤਵ ਹੈ ?**

ਉੱਤਰ- ਸੜਕਾਂ ਇੱਕ ਥਾਂ ਨੂੰ ਦੂਸਰੀ ਥਾਂ ਨਾਲ ਜੋੜਦੀਆਂ ਹਨ ।ਸੜਕਾਂ ਰਾਹੀਂ ਸਮਾਨ ਇੱਕ ਥਾਂ ਤੋਂ ਦੂਜੀ ਥਾਂ ਤੇ ਪਹੁੰਚਾਇਆ ਜਾ ਸਕਦਾ ਹੈ ।ਇਹ ਉਬੜ-ਖਾਬੜ ਪ੍ਰਦੇਸ਼ਾਂ ਵਿੱਚ ਵੀ ਬਣਾਈਆਂ ਜਾ ਸਕਦੀਆਂ ਹਨ ।

**ਪ੍ਰਸ਼ਨ-5. ਸੰਸਾਰ ਦੇ ਰੇਲ ਮਾਰਗਾਂ ਬਾਰੇ ਜਾਣਕਾਰੀ ਦਿੰਦੇ ਹੋਏ ਇੰਨ੍ਹਾਂ ਦੀ ਮਹੱਤਤਾ ਬਾਰੇ ਦੱਸੋ ।**

ਉੱਤਰ- **ਰੇਲ ਮਾਰਗ-** ਰੇਲ ਮਾਰਗਾਂ ਰਾਹੀਂ ਵੱਡੀ ਗਿਣਤੀ ਵਿੱਚ ਮੁਸਾਫਰਾਂ ਅਤੇ ਸਮਾਨ ਦੀ ਢੋਆ ਢੁਆਈ ਕੀਤੀ ਜਾ ਸਕਦੀ ਹੈ। ਪਹਿਲਾਂ ਕੋਲੇ ਨਾਲ ਚੱਲਣ ਵਾਲੇ ਰੇਲਵੇ ਇੰਜਣ ਸਨ, ਹੁਣ ਡੀਜ਼ਲ ਅਤੇ ਬਿਜਲੀ ਨਾਲ ਚੱਲਣ ਵਾਲੇ ਇੰਜਣ ਹੋਂਦ ਵਿੱਚ ਆ ਗਏ ਹਨ।

**ਮੈਟਰੋ ਰੇਲਾਂ-** ਆਵਾਜਾਈ ਨੂੰ ਕੰਟਰੋਲ ਕਰਨ ਲਈ ਮੈਟਰੋ ਰੇਲਾਂ ਦਾ ਬਹੁਤ ਯੋਗਦਾਨ ਹੈ ।ਇਹ ਜਮੀਨ ਦੇ ਉੱਪਰ ਅਤੇ ਅੰਦਰ ਦੋਵੇਂ ਮਾਰਗਾਂ ਰਾਹੀਂ ਚਲਦੀਆਂ ਹਨ।

**ਸੰਸਾਰ ਦੇ ਪ੍ਰਮੁੱਖ ਰੇਲ ਮਾਰਗਾਂ ਦੇ ਨਾਂ-**

1. ਰੂਸ ਦਾ ਟਰਾਂਸ ਸਾਇਬੇਰੀਅਨ ਰੇਲਵੇ 2. ਜਪਾਨ ਦਾ ਰੇਲ ਮਾਰਗ 3. ਫਰਾਂਸ ਦਾ ਰੇਲ ਮਾਰਗ

**ਪ੍ਰਸ਼ਨ-6. ਸੰਸਾਰ ਦੇ ਪ੍ਰਮੁੱਖ ਜਲ ਮਾਰਗਾਂ ਦੇ ਨਾਂ ਦੱਸੋ ।**

ਉੱਤਰ- ਜਲ ਮਾਰਗ ਆਵਾਜਾਈ ਦੇ ਸਭ ਤੋਂ ਸਸਤੇ ਸਾਧਨ ਹਨ। ਸੰਸਾਰ ਦੇ ਮੁੱਖ ਸਮੁੰਦਰੀ ਮਾਰਗ ਹੇਠ ਲਿਖੇ ਹਨ :-

1. ਉੱਤਰੀ ਅੰਧ ਮਹਾਂਸਾਗਰੀ ਮਾਰਗ

2. ਸ਼ਾਂਤ ਮਹਾਂਸਾਗਰੀ ਮਾਰਗ

3. ਕੇਪ ਮਾਰਗ

4. ਸਵੇਜ਼ ਨਹਿਰ ਮਾਰਗ

5. ਪਨਾਮਾ ਨਹਿਰ ਮਾਰਗ ।

**ਪ੍ਰਸ਼ਨ-7. ਵਾਯੂ ਮਾਰਗਾਂ ਰਾਹੀਂ ਸੰਸਾਰ ਇੱਕ ਗਲੋਬਲ ਪਿੰਡ ਬਣ ਗਿਆ ਹੈ , ਇਸ ਤੱਥ ਨੂੰ ਉਦਾਹਰਨਾਂ ਦੇ ਕੇ ਸਮਝਾਓ ।**

ਉੱਤਰ- ਵਾਯੂ-ਮਾਰਗ ਸਭ ਤੋਂ ਤੇਜ਼ ਗਤੀ ਵਾਲਾ ਆਵਾਜਾਈ ਦਾ ਸਾਧਨ ਹੈ।ਹਵਾਈ ਜਹਾਜਾਂ ਨਾਲ ਸਾਰਾ ਸੰਸਾਰ ਆਪਸ ਵਿੱਚ ਜੁੜ ਗਿਆ ਹੈ । ਹੁਣ ਅਸੀਂ ਸੰਸਾਰ ਵਿੱਚ ਕਿਤੇ ਵੀ ਬਹੁਤ ਘੱਟ ਸਮੇਂ ਵਿੱਚ ਪਹੁੰਚ ਸਕਦੇ ਹਾਂ ।ਇਸ ਕਰਕੇ ਸਾਰਾ ਸੰਸਾਰ ਇੱਕ ਗਲੋਬਲ ਪਿੰਡ ਬਣ ਗਿਆ ਹੈ ।

**ਪ੍ਰਸ਼ਨ-8.ਭਾਰਤ ਦੀਆਂ ਪ੍ਰਮੁੱਖ ਬੰਦਰਗਾਹਾਂ ਦੇ ਨਾਂ ਦੱਸੋ ।**

ਉੱਤਰ- ਭਾਰਤ ਦੀਆਂ ਪ੍ਰਮੁੱਖ ਬੰਦਰਗਾਹਾਂ ਕੋਲਕਾਤਾ, ਚੇਨੱਈ, ਕੋਚੀਨ, ਗੋਆ, ਕਾਂਡਲਾ ਅਤੇ ਵਿਸ਼ਾਖਾਪਟਨਮ ਹਨ ।

**ਪ੍ਰਸ਼ਨ-9. ਸੰਚਾਰ ਦੇ ਸਾਧਨ ਕਿਹੜੇ-ਕਿਹੜੇ ਹਨ? ਇਹਨਾਂ ਦੀ ਉੱਨਤੀ ਨਾਲ ਸਾਨੂੰ ਕੀ ਲਾਭ ਹੁੰਦੇ ਹਨ?**

ਉੱਤਰ- ਸੰਚਾਰ ਦੇ ਸਾਧਨ ਇੱਕ ਥਾਂ ਦੇ ਲੋਕਾਂ ਦਾ ਦੂਜੀ ਥਾਂ ਦੇ ਲੋਕਾਂ ਨਾਲ ਸੰਪਰਕ ਜੋੜਦੇ ਹਨ । ਡਾਕ, ਟੈਲੀਫੋਨ, ਮੋਬਾਈਲ ਫੋਨ, ਰੇਡੀਓ, ਮੈਗਜ਼ੀਨ, ਅਖਬਾਰ, ਇੰਟਰਨੈੱਟ ਆਦਿ ਸੰਚਾਰ ਦੇ ਸਾਧਨ ਹਨ। ਟੈਲੀਫੋਨ, ਮੋਬਾਈਲ ਆਦਿ ਨਾਲ ਅਸੀਂ ਸੰਸਾਰ ਭਰ ਵਿੱਚ ਗੱਲਬਾਤ ਕਰ ਸਕਦੇ ਹਾਂ ।ਮੈਗਜ਼ੀਨ ਅਤੇ ਅਖਬਾਰ ਸਾਨੂੰ ਦੁਨੀਆਂ ਭਰ ਦੀਆਂ ਘਟਨਾਵਾਂ ਬਾਰੇ ਦੱਸਦੇ ਹਨ। ਇੰਟਰਨੈੱਟ ਰਾਹੀਂ ਅਸੀਂ ਹਰ ਪ੍ਰਕਾਰ ਦੀ ਜਾਣਕਾਰੀ ਅਤੇ ਸਿੱਖਿਆ ਪ੍ਰਾਪਤ ਕਰ ਸਕਦੇ ਹਾਂ ।

**ਪ੍ਰਸ਼ਨ- 10. ਸੁਵੇਜ਼ ਨਹਿਰ ਬਾਰੇ ਵਿਸਤਾਰ ਸਹਿਤ ਲਿਖੋ ।**

ਉੱਤਰ- ਸੁਵੇਜ਼ ਨਹਿਰ ਇੱਕ ਮਹੱਤਵਪੂਰਨ ਅੰਤਰ-ਰਾਸ਼ਟਰੀ ਜਲ ਮਾਰਗ ਹੈ । ਇਹ ਨਹਿਰ ਭੂ-ਮੱਧ ਸਾਗਰ ਅਤੇ ਲਾਲ ਸਾਗਰ ਨੂੰ ਮਿਲਾਉਂਦੀ ਹੈ । ਇਹ ਮਾਰਗ ਯੂਰਪ ਦੇ ਦੇਸ਼ਾਂ ਨੂੰ ਦੱਖਣੀ ਏਸ਼ੀਆ , ਆਸਟਰੇਲੀਆ ਆਦਿ ਦੇਸ਼ਾਂ ਨੂੰ ਮਿਲਾਉਂਦਾ ਹੈ ।

**ਪ੍ਰਸ਼ਨ-11. ਮਨੁੱਖੀ ਬਸਤੀਆਂ ਦੇ ਵਿਕਾਸ ਵਿੱਚ ਆਵਾਜਾਈ ਦੇ ਸਾਧਨਾਂ ਨੇ ਕੀ ਯੋਗਦਾਨ ਪਾਇਆ ਹੈ ?**

Harbans Gorkhnath

ਉੱਤਰ- ਜਿਸ ਥਾਂ ਤੇ ਆਵਾਜਾਈ ਦੇ ਸਾਧਨਾਂ ਦੀ ਵਧੇਰੇ ਸਹੂਲਤ ਹੁੰਦੀ ਹੈ ਉਹ ਥਾਂ ਜਲਦੀ ਵਿਕਸਿਤ ਹੁੰਦੀ ਹੈ ਕਿਉਂਕਿ ਲੋਕਾਂ ਨੂੰ ਆਵਾਜਾਈ ਦੇ ਸਾਧਨਾਂ ਨਾਲ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਜਾਣ ਅਤੇ ਆਪਣਾ ਸਮਾਨ ਲੈ ਜਾਣ ਵਿੱਚ ਸੋਖ ਹੁੰਦੀ ਹੈ । ਜਿਹੜੇ ਸ਼ਹਿਰ ਮੁੱਖ ਸੜਕਾਂ, ਰੇਲ-ਲਾਈਨਾਂ ਅਤੇ ਬੰਦਰਗਾਹਾਂ ਦੇ ਕੰਢਿਆਂ ਤੇ ਸਥਿੱਤ ਹੁੰਦੇ ਹਨ ਉਨ੍ਹਾਂ ਦਾ ਜਿਆਦਾ ਵਿਕਾਸ ਹੁੰਦਾ ਹੈ ।

# ਪਾਠ-19 ਖੇਤਰੀ ਸੱਭਿਆਚਾਰ ਦਾ ਵਿਕਾਸ

**ਪ੍ਰਸ਼ਨ- 1. ਮੱਧਕਾਲੀਨ ਯੁੱਗ (800-1200 ਈ:) ਵਿੱਚ ਉੱਤਰੀ ਭਾਰਤ ਵਿੱਚ ਕਿਹੜੀਆਂ ਭਾਸ਼ਾਵਾਂ ਦਾ ਵਿਕਾਸ ਹੋਇਆ?**

ਉੱਤਰ- ਮੱਧਕਾਲੀਨ ਯੁੱਗ ਵਿੱਚ ਉੱਤਰੀ ਭਾਰਤ ਵਿੱਚ ਗੁਜਰਾਤੀ, ਬੰਗਾਲੀ ਅਤੇ ਮਰਾਠੀ ਆਦਿ ਭਾਸ਼ਾਵਾਂ ਦਾ ਬਹੁਤ ਵਿਕਾਸ ਹੋਇਆ ।

**ਪ੍ਰਸ਼ਨ- 2. ਦਿੱਲੀ ਸਲਤਨਤ ਕਾਲ ਦੌਰਾਨ ਖੇਤਰੀ ਭਾਸ਼ਾਵਾਂ ਦਾ ਵਿਕਾਸ ਕਿਉਂ ਹੋਇਆ ਸੀ ?**

ਉੱਤਰ- ਦਿੱਲੀ ਸਲਤਨਤ ਕਾਲ ਦੌਰਾਨ ਭਗਤੀ ਲਹਿਰ ਦੇ ਸੰਤਾਂ ਨੇ ਲੋਕਾਂ ਨੂੰ ਉਨ੍ਹਾਂ ਦੀਆਂ ਖੇਤਰੀ ਭਾਸ਼ਾਵਾਂ ਵਿੱਚ ਉਪਦੇਸ਼ ਦਿੱਤੇ । ਉਸ ਸਮੇਂ ਬਹੁਤ ਸਾਰੀਆਂ ਧਾਰਮਿਕ ਪੁਸਤਕਾਂ ਦਾ ਸੰਸਕ੍ਰਿਤ ਭਾਸ਼ਾ ਤੋਂ ਭਿੰਨ-ਭਿੰਨ ਖੇਤਰੀ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ।

**ਪ੍ਰਸ਼ਨ- 3.ਮੁਗਲ ਕਾਲ ਦੀਆਂ ਸਾਹਿਤਿਕ ਪ੍ਰਾਪਤੀਆਂ ਬਾਰੇ ਸੰਖੇਪ ਵਿੱਚ ਲਿਖੋ।**

ਉੱਤਰ- 1. ਬਾਬਰ ਨੇ ਬਾਬਰਨਾਮਾ ਜਾਂ ਤੁਜ਼ਕ-ਏ-ਬਾਬਰੀ ਨਾਂ ਦੀ ਪ੍ਰਸਿੱਧ ਪੁਸਤਕ ਲਿਖੀ ।

2. ਅਕਬਰ ਦੇ ਦਰਬਾਰ ਵਿੱਚ ਬਹੁਤ ਸਾਰੇ ਵਿਦਵਾਨ ਸਨ। ਅਬੁਲ ਫਜ਼ਲ ਨੇ ਆਈਨ-ਏ-ਅਕਬਰੀ ਅਤੇ ਅਕਬਰਨਾਮਾ ਨਾਂ ਦੀਆਂ ਦੋ ਪੁਸਕਾਂ ਲਿਖੀਆਂ ।

3. ਜਹਾਂਗੀਰ ਬਾਦਸ਼ਾਹ ਨੇ ਫਾਰਸੀ ਵਿੱਚ ਤੁਜ਼ਕ-ਏ-ਜਹਾਂਗੀਰੀ ਨਾਂ ਦੀ ਆਤਮਕਥਾ ਲਿਖੀ ।ਜਹਾਂਗੀਰ ਦੇ ਦਰਬਾਰ ਵਿੱਚ ਮਨੋਹਰ ਦਾਸ ਅਤੇ ਕੇਸ਼ਵ ਦਾਸ ਵਰਗੇ ਲੇਖਕ ਸਨ ।

4. ਔਰੰਗਜ਼ੇਬ ਨੇ ਇਸਲਾਮੀਂ ਕਾਨੂੰਨਾਂ ਤੇ ਆਧਾਰਿਤ ਫਤਵਾ-ਏ-ਆਲਮਗੀਰੀ ਨਾਂ ਦੀ ਪੁਸਤਕ ਲਿਖਵਾਈ ।

**ਪ੍ਰਸ਼ਨ- 4. ਪੰਜਾਬੀ ਭਾਸ਼ਾ ਦਾ ਮੋਢੀ ਕਿਸਨੂੰ ਮੰਨਿਆ ਜਾਂਦਾ ਹੈ ?**

ਉੱਤਰ- ਸ਼ੇਖ ਫਰੀਦ ਜੀ ਨੂੰ ।

**ਪ੍ਰਸ਼ਨ-5. ਭਾਈ ਗੁਰਦਾਸ ਜੀ ਨੇ ਕਿੰਨੀਆਂ ਵਾਰਾਂ ਦੀ ਰਚਨਾ ਕੀਤੀ ?**

ਉੱਤਰ- 39 ਵਾਰਾਂ ।

**ਪ੍ਰਸ਼ਨ- 6. ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਕੀ ਕਹਿ ਕੇ ਸਨਮਾਨਿਤ ਕੀਤਾ ?**

ਉੱਤਰ- ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ।

**ਪ੍ਰਸ਼ਨ-7. ਪੰਜਾਬੀ ਭਾਸ਼ਾ ਦੇ ਪ੍ਰਸਿੱਧ ਚਾਰ ਕਵੀਆਂ ਦੇ ਨਾਂ ਲਿਖੋ ਜਿੰਨ੍ਹਾਂ ਨੇ ਪੰਜਾਬੀ ਸਾਹਿਤ ਨੂੰ ਮਹੱਤਵਪੂਰਨ ਯੋਗਦਾਨ ਦਿੱਤਾ ।**

ਉੱਤਰ- ਸ਼ਾਹ ਹੁਸੈਨ, ਬੁੱਲੇ ਸ਼ਾਹ, ਦਮੋਦਰ ਅਤੇ ਵਾਰਿਸ ਸ਼ਾਹ ।

**ਪ੍ਰਸ਼ਨ-8. ਆਦਿ ਗ੍ਰੰਥ ਸਾਹਿਬ ਜੀ ਦਾ ਸੰਖੇਪ ਵਰਨਣ ਕਰੋ ।**

ਉੱਤਰ- ਸ਼੍ਰੀ ਗੁਰੂ ਅਰਜਨ ਦੇਵ ਜੀ ਨੇ 1604 ਈ: ਵਿੱਚ ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕੀਤਾ ।ਇਸ ਗੰਥ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ, ਸ਼੍ਰੀ ਗੁਰੂ ਅੰਗਦ ਦੇਵ ਜੀ, ਸ਼੍ਰੀ ਗੁਰੂ ਅਮਰਦਾਸ ਜੀ, ਸ਼੍ਰੀ ਗੁਰੂ ਰਾਮਦਾਸ ਜੀ ਅਤੇ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਨੂੰ ਸ਼ਾਮਿਲ ਕੀਤਾ ਗਿਆ। ਬਾਅਦ ਵਿੱਚ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਇਸ ਗ੍ਰੰਥ ਵਿੱਚ ਸ਼ਾਮਿਲ ਕੀਤੀ ਗਈ।ਇਸ ਤੋਂ ਇਲਾਵਾ ਇਸ ਵਿੱਚ ਹਿੰਦੂ ਭਗਤਾਂ ਅਤੇ ਮੁਸਲਮਾਨ ਸੰਤਾਂ ਦੀ ਬਾਣੀ ਨੂੰ ਵੀ ਸ਼ਾਮਿਲ ਕੀਤਾ ਗਿਆ ।

**ਖਾਲੀ ਥਾਂਵਾਂ ਭਰੋ:-**

1) ਜੈਦੇਵ 2) ਸ਼੍ਰੀ ਗੁਰੂ ਅਰਜਨ ਦੇਵ ਜੀ 3) ਚੰਦ ਬਰਦਾਈ 4) ਕਵੀ 5) ਮਹਾਨ

Harbans Gorkhnath

**ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ:-**

1. (X) 2. (X) 3. (√) 4. (√) 5. (X)

**ਹੇਠ ਲਿਖਿਆਂ ਦੇ ਸਹੀ ਜੋੜੇ ਬਣਾਓ :-**

ਉੱਤਰ- 1) ਜੈ ਦੇਵ — ਸ) ਗੀਤ ਗੋਬਿੰਦ

2) ਕਲਹਣ — ੲ) ਰਾਜ ਤਿਰੰਗਣੀ

3) ਬਿਲਹਣ — ੳ) ਵਿਕ੍ਰਾਮਾਂਕ

4) ਅਬੁਲ ਫਜ਼ਲ — ਅ) ਆਇਨ-ਏ-ਅਕਬਰੀ

5) ਔਰੰਗਜ਼ੇਬ — ਹ) ਫਤਵਾ-ਏ-ਆਲਮਗੀਰੀ

# ਪਾਠ-26 ਮੰਡੀ/ਬਾਜ਼ਾਰ ਦੀ ਭੂਮਿਕਾ

**ਪ੍ਰਸ਼ਨ-1. ਬਾਜ਼ਾਰ ਤੋਂ ਤੁਹਾਡਾ ਕੀ ਭਾਵ ਹੈ ? ਇਸਦਾ ਕੀ ਮਹੱਤਵ ਹੈ ?**

ਉੱਤਰ- ਬਾਜ਼ਾਰ ਉਹ ਸਥਾਨ ਹੈ ਜਿੱਥੇ ਮਨੁੱਖ ਦੀਆਂ ਰੋਜ਼ਾਨਾ ਵਰਤੋ ਦੀਆਂ ਚੀਜਾਂ ਮਿਲਦੀਆਂ ਹਨ। ਬਾਜ਼ਾਰ ਦਾ ਮਹੱਤਵ ਇਸ ਗੱਲ ਵਿੱਚ ਹੈ ਕਿ ਇਹ ਮਨੁੱਖ ਦੀਆਂ ਰੋਜ਼ਾਨਾ ਲੋੜਾਂ ਨੂੰ ਪੂਰਾ ਕਰਦਾ ਹੈ ।

**ਪ੍ਰਸ਼ਨ-2. ਬਾਜ਼ਾਰ ਵਿੱਚ ਵਸਤੂਆਂ ਖਰੀਦਣ ਅਤੇ ਵੇਚਣ ਵਾਲੇ ਨੂੰ ਕੀ ਕਹਿੰਦੇ ਹਨ?**

ਉੱਤਰ- ਬਾਜ਼ਾਰ ਵਿੱਚ ਵਸਤੂਆਂ ਖਰੀਦਣ ਵਾਲੇ ਨੂੰ ਖਰੀਦਦਾਰ ਅਤੇ ਵੇਚਣ ਵਾਲੇ ਨੂੰ ਵਿਕਰੇਤਾ ਕਹਿੰਦੇ ਹਨ।

**ਪ੍ਰਸ਼ਨ-3. ਪ੍ਰਚੂਨ ਬਾਜ਼ਾਰ ਸਾਡੀਆਂ ਰੋਜ਼ਾਨਾ ਲੋੜਾਂ ਨੂੰ ਕਿਵੇਂ ਪੂਰਾ ਕਰਦਾ ਹੈ ?**

ਉੱਤਰ- ਹਰੇਕ ਵਿਅਕਤੀ ਆਪਣੀਆਂ ਲੋੜ ਦੀਆਂ ਚੀਜਾਂ ਨੂੰ ਥੋਕ (ਇੱਕਠੇ ਰੂਪ ਵਿੱਚ) ਨਹੀਂ ਖਰੀਦ ਸਕਦਾ। ਪ੍ਰਚੂਨ ਵਿਕਰੇਤਾ ਮਾਲ ਨੂੰ ਥੋਕ ਵਿੱਚ ਖਰੀਦ ਕੇ ਉਨ੍ਹਾਂ ਨੂੰ ਆਮ ਗਾਹਕ ਤੱਕ ਪਹੁੰਚਾਉਂਦਾ ਹੈ ।

**ਪ੍ਰਸ਼ਨ- 4. ਵਪਾਰ ਤੋਂ ਤੁਹਾਡਾ ਕੀ ਭਾਵ ਹੈ ?**

ਉੱਤਰ- ਚੀਜਾਂ ਦੀ ਖਰੀਦ-ਵੇਚ ਨੂੰ ਵਪਾਰ ਕਹਿੰਦੇ ਹਨ। ਵਪਾਰ ਮੁੱਖ ਤੌਰ ਤੇ ਬਾਜ਼ਾਰ ਜਾਂ ਮੰਡੀ ਵਿੱਚ ਹੁੰਦਾ ਹੈ ।ਇਹ ਦੋ ਤਰ੍ਹਾਂ ਦਾ ਹੁੰਦਾ ਹੈ-ਅੰਦਰੂਨੀ ਵਪਾਰ ਅਤੇ ਬਾਹਰੀ ਵਪਾਰ ।

**ਪ੍ਰਸ਼ਨ-5. ਤਿੰਨ ਅਜਿਹੇ ਨੁਕਤੇ ਦੱਸੋ ਜੋ ਲੋਕਾਂ ਦੀ ਬਾਜ਼ਾਰ ਤੱਕ ਪਹੁੰਚ ਨੂੰ ਪ੍ਰਭਾਵਿਤ ਕਰਦੇ ਹਨ?**

ਉੱਤਰ- 1. ਗਾਹਕ ਦੀ ਲੋੜ ਅਤੇ ਪਸੰਦ

2. ਗਾਹਕ ਦੀ ਆਰਥਿਕ ਸਥਿਤੀ

3. ਬਾਜ਼ਾਰ ਦੀ ਨਜ਼ਦੀਕੀ ।

**ਪ੍ਰਸ਼ਨ- 6. ਥੋਕ ਬਾਜ਼ਾਰ ਦੀ ਮਹੱਤਤਾ ਬਾਰੇ ਦੱਸੋ।**

ਉੱਤਰ- ਥੋਕ ਬਾਜ਼ਾਰ ਚੀਜਾਂ ਦੇ ਉਤਪਾਦਕ (ਵਸਤੂਆਂ ਦਾ ਨਿਰਮਾਣ ਕਰਨ ਵਾਲੇ) ਅਤੇ ਗਾਹਕ ਵਿਚਾਲੇ ਕੜੀ ਦਾ ਕੰਮ ਕਰਦੇ ਹਨ। ਥੋਕ ਵਪਾਰੀ ਵਸਤੂ ਨਿਰਮਾਤਾਵਾਂ ਤੋਂ ਵਸਤੂਆਂ ਇਕੱਠੇ ਰੂਪ ਵਿੱਚ ਖਰੀਦ ਕੇ ਪ੍ਰਚੂਨ ਵਪਾਰੀ ਨੂੰ ਵੇਚਦੇ ਹਨ।ਇਸ ਨਾਲ ਵਸਤਾਂ ਦੀ ਖਰੀਦ ਵੇਚ ਆਸਾਨ ਹੋ ਜਾਂਦੀ ਹੈ ।

Harbans Gorkhnath

**ਪ੍ਰਸ਼ਨ-7.ਪ੍ਰਚੂਨ ਵਪਾਰੀ ਕਿਸ-ਕਿਸ ਦੇ ਵਿਚਕਾਰ ਦਲਾਲੀ ਕਰਦਾ ਹੈ ?**

ਉੱਤਰ- ਪ੍ਰਚੂਨ ਵਪਾਰੀ ਥੋਕ ਵਿਕਰੇਤਾ ਅਤੇ ਗਾਹਕ ਦੇ ਵਿਚਕਾਰ ਦਲਾਲੀ ਕਰਦਾ ਹੈ ।

**ਪ੍ਰਸ਼ਨ-8. ਥੋਕ ਬਾਜ਼ਾਰ ਦੇ ਕੀ-ਕੀ ਕੰਮ ਹਨ?**

ਉੱਤਰ-ਥੋਕ ਬਾਜ਼ਾਰ ਦੇ ਹੇਠ ਲਿਖੇ ਕੰਮ ਹਨ:-

1. ਉਤਪਾਦਕ ਤੋਂ ਚੀਜਾਂ ਖਰੀਦਣਾ।

2. ਚੀਜਾਂ ਨੂੰ ਜਮਾਂ ਕਰਨਾ ਜਾਂ ਭੰਡਾਰ ਕਰਨਾ।

3. ਚੀਜਾਂ ਦਾ ਪ੍ਰਚਾਰ ਕਰਨਾ ਅਤੇ ਉਨ੍ਹਾਂ ਨੂੰ ਪ੍ਰਚੂਨ ਵਿਕਰੇਤਾ ਨੂੰ ਵੇਚਣਾ ।

4. ਚੀਜਾਂ ਦੇ ਗੁਣ,ਆਕਾਰ ਜਾਂ ਮੁੱਲ ਦੇ ਅਨੁਸਾਰ ਉਨ੍ਹਾਂ ਨੂੰ ਅਲੱਗ-ਅਲੱਗ ਕਰਕੇ ਪੈਕ ਕਰਨਾ।

**ਪ੍ਰਸ਼ਨ-9. ਪ੍ਰਚੂਨ ਵਪਾਰ ਦੀਆਂ ਕੀ ਵਿਸ਼ੇਸ਼ਤਾਵਾਂ ਹਨ?**

ਉੱਤਰ- 1. ਵੱਖ-ਵੱਖ ਪ੍ਰਕਾਰ ਦੀਆਂ ਚੀਜਾਂ ਅਲੱਗ-ਅਲੱਗ ਕਰਨਾ ।

2. ਦੂਰ-ਦੂਰ ਦੇ ਵਪਾਰੀਆਂ ਤੋਂ ਚੀਜਾਂ ਖਰੀਦ ਕੇ ਨੇੜਲੇ ਗਾਹਕਾਂ ਤੱਕ ਪਹੁੰਚਾਉਣਾ।

3. ਦੁਕਾਨ ਦੇ ਬਾਹਰ ਵਸਤਾਂ ਦਾ ਪ੍ਰਦਰਸ਼ਨ ਕਰਨਾ ।

4. ਕੁਝ ਵਿਸ਼ੇਸ਼ ਚੀਜਾਂ ਨੂੰ ਗਾਹਕ ਦੇ ਘਰ ਤੱਕ ਪਹੁੰਚਾਉਣਾ ਜਿਵੇਂ ਰਾਸ਼ਨ, ਫਰਿੱਜ, ਟੀ.ਵੀ.ਆਦਿ ।

**ਪ੍ਰਸ਼ਨ-10. ਪ੍ਰਚੂਨ ਵਪਾਰੀਆਂ ਦਾ ਵਰਗੀਕਰਨ ਕਿਸ ਆਧਾਰ ਤੇ ਕੀਤਾ ਜਾ ਸਕਦਾ ਹੈ ?**

ਉੱਤਰ- **1. ਆਕਾਰ**- ਕੁਝ ਵਿਕਰੇਤਾ ਛੋਟੇ ਹੁੰਦੇ ਹਨਅਤੇ ਕੁਝ ਬਹੁਤ ਵੱਡੇ।

**2. ਵਸਤੂ**- ਕੁਝ ਵਿਕਰੇਤਾ ਇੱਕ ਹੂ ਵਸਤੂ ਵੇਚਦੇ ਹਨਅਤੇ ਕੁਝ ਵਿਕਰੇਤਾ ਬਹੁਤ ਸਾਰੀਆਂ ਵਸਤੂਆਂ ਵੇਚਦੇ ਹਨ ।

**3. ਕੀਮਤ**- ਕੁਝ ਪ੍ਰਚੂਨ ਵਿਕਰੇਤਾ ਵੱਧ ਕੀਮਤ ਵਾਲਾ ਸਮਾਨ ਵੇਚਦੇ ਹਨ ਜਿਵੇਂ ਗਹਿਣੇ ਆਦਿ ਅਤੇ ਕੁਝ ਵਿਕਰੇਤਾ ਘੱਟ ਮੁੱਲ ਵਾਲਾ ਸਮਾਨ ਵੇਚਦੇ ਹਨ।

**4.ਮਲਕੀਅਤ ਦੇ ਆਧਾਰ ਤੇ**- ਕੁਝ ਦੁਕਾਨਾਂ ਦਾ ਮਾਲਕ ਇੱਕ ਹੀ ਵਿਅਕਤੀ ਹੁੰਦਾ ਹੈ ਜਦਕਿ ਕਈ ਦੁਕਾਨਾਂ ਦਾ ਮਾਲਕ ਇੱਕ ਗਰੁੱਪ ਦੇ ਹੱਥ ਵਿੱਚ ਹੁੰਦਾ ਹੈ ਜਿਵੇਂ ਕੋਆਪਰੇਟਿਵ ਸਟੋਰ ।

**ਪ੍ਰਸ਼ਨ- 11. ਥੋਕ ਵਪਾਰੀ ਬਾਜ਼ਾਰ ਵਿੱਚ ਚੀਜਾਂ ਦੇ ਭਾਅ ਦੇ ਰੁੱਖ ਦਾ ਧਿਆਨ ਕਿਉਂ ਰੱਖਦੇ ਹਨ?**

ਉੱਤਰ-ਥੋਕ ਵਪਾਰੀ ਆਪਣੇ ਕੋਲ ਵੱਡੀ ਮਾਤਰਾ ਵਿੱਚ ਵਸਤਾਂ ਜਮਾਂ ਕਰਕੇ ਰੱਖਦੇ ਹਨ।ਚੀਜਾਂ ਦਾ ਮੁੱਲ ਘਟ ਜਾਣ ਤੇ ਉਸਨੂੰ ਭਾਰੀ ਹਾਨੀ ਉਠਾਉਣੀ ਪੈਂਦੀ ਹੈ ਜਦਕਿ ਮੁੱਲ ਵਧਣ ਤੇ ਉਸਨੂੰ ਬਹੁਤ ਲਾਭ ਹੁੰਦਾ ਹੈ। ਇਸ ਲਈ ਥੋਕ ਵਪਾਰੀ ਬਾਜ਼ਾਰ ਵਿੱਚ ਚੀਜਾਂ ਦੇ ਭਾਅ ਦੀ ਸਥਿਤੀ ਦਾ ਪੂਰਾ ਧਿਆਨ ਰੱਖਦਾ ਹੈ ਤਾਂ ਜੋ ਉਹ ਸਹੀ ਸਮੇਂ ਅਤੇ ਸਹੀ ਮੁੱਲ ਤੇ ਆਪਣੀਆਂ ਵਸਤੁਆਂ ਵੇਚ ਸਕੇ।

**ਪ੍ਰਸ਼ਨ-12. ਅਨਾਜ, ਸਬਜ਼ੀ ਅਤੇ ਫਲ ਮੰਡੀਆਂ ਦੇ ਦਲਾਲ ਕਿਸ ਤਰ੍ਹਾਂ ਦੀ ਭੂਮਿਕਾ ਨਿਭਾਉਂਦੇ ਹਨ ?**

ਉੱਤਰ- ਉਤਪਾਦਕ ਆਪਣਾ ਮਾਲ ਵੇਚਣ ਲਈ ਮੰਡੀ ਵਿੱਚ ਲੈ ਕੇ ਆਉਂਦਾ ਹੈ ਅਤੇ ਦੁਕਾਨਦਾਰ ਨੂੰ ਮਾਲ ਦੀ ਲੋੜ ਹੁੰਦੀ ਹੈ । ਦਲਾਲ ਉਤਪਾਦਕ ਅਤੇ ਦੁਕਾਨਦਾਰ ਵਿਕਾਰ ਵਿਚੋਲੇ ਦਾ ਕੰਮ ਕਰਦਾ ਹੈ । ਉਹ ਦੋਵਾਂ ਵਿਚਕਾਰ ਵਸਤੂ ਦਾ ਮੁੱਲ ਤੈਅ ਕਰਵਾਉਂਦਾ ਹੈ।ਇਸ ਕੰਮ ਲਈ ਦਲਾਲ ਨੂੰ ਨਿਸ਼ਚਿਤ ਕਮਿਸ਼ਨ ਮਿਲਦਾ ਹੈ।

**ਖਾਲੀ ਥਾਵਾਂ ਭਰੋ:-**

1.ਬਾਜ਼ਾਰ ਜਾਂ ਮੰਡੀ 2.ਦਲਾਲ 3. ਅੰਦਰੂਨੀ ਵਪਾਰ 4. ਥੋਕ ਵਿਕਰੇਤਾ ਅਤੇ ਗਾਹਕਾਂ ਵਿਚਾਲੇ ਕੜੀ 5. ਅਨਾਜ

Harbans Gorkhnath

**ਬਹੁਵਿਕਲਪੀ ਪ੍ਰਸ਼ਨ-ਉੱਤਰ:-**

1. ਵਿਕਰੇਤਾ 2. ਦੋ 3. ਪ੍ਰਚੂਨ ਵਪਾਰੀ

**ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ:-**

1. (√) 2. (X) 3. (√)

# ਪਾਠ-9 ਮਨੁੱਖ ਅਤੇ ਵਾਤਾਵਰਨ- ਆਪਸੀ ਪ੍ਰਭਾਵ

**ਪ੍ਰਸ਼ਨ-1. ਮਾਰੂਥਲ ਕਿੰਨ੍ਹਾਂ ਨੂੰ ਕਿਹਾ ਜਾਂਦਾ ਹੈ ? ਇਹ ਕਿੰਨੇ ਪ੍ਰਕਾਰ ਦੇ ਹਨ ?**

ਉੱਤਰ- ਮਾਰੂਥਲ ਉਹ ਖੇਤਰ ਹਨ ਜਿੱਥੇ ਬਹੁਤ ਘੱਟ ਵਰਖਾ ਹੁੰਦੀ ਹੈ ਅਤੇ ਰੁੱਖ-ਪੌਦੇ ਨਹੀਂ ਉੱਗਦੇ। ਮਾਰੂਥਲ ਦੋ ਪ੍ਰਕਾਰ ਦੇ ਹੁੰਦੇ ਹਨ:- 1. ਗਰਮ ਮਾਰੂਥਲ 2. ਠੰਡੇ ਮਾਰੂਥਲ ।

**ਪ੍ਰਸ਼ਨ- 2. ਗਰਮ ਮਾਰੂਥਲਾਂ ਬਾਰੇ ਲਿਖੋ ।**

ਉੱਤਰ- ਗਰਮ ਮਾਰੂਥਲ ਭੂ-ਮੱਧ ਰੇਖਾ ਦੇ 23 ½ ਉੱਤਰ ਅਤੇ ਦੱਖਣ ਵਿੱਚ ਦੋਵਾਂ ਅੱਧ ਗੋਲਿਆਂ ਵਿੱਚ ਸਥਿੱਤ ਹਨ। ਇੱਥੇ ਤਾਪਮਾਨ ਹਮੇਸ਼ਾ ਉੱਚਾ ਰਹਿੰਦਾ ਹੈ ਅਤੇ ਵਰਖਾ ਬਹੁਤ ਘੱਟ ਹੁੰਦੀ ਹੈ ।

**ਪ੍ਰਸ਼ਨ-3. ਠੰਢੇ ਮਾਰੂਥਲ ਕੀ ਹਨ?**

ਉੱਤਰ- ਠੰਢੇ ਮਾਰੂਥਲ ਉੱਚ ਵਿਥਕਾਰਾਂ ਤੇ ਮਿਲਦੇ ਹਨ ਜਿੱਥੇ ਤਾਪਮਾਨ ਜਮਾਉ ਤੋਂ ਹੇਠਾਂ ਹੁੰਦਾ ਹੈ ।

**ਪ੍ਰਸ਼ਨ-4.ਸ਼ੀਤ ਊਸ਼ਣ ਖੇਤਰਾਂ ਦੀ ਜਲਵਾਯੂ ਬਾਰੇ ਲਿਖੋ ।**

ਉੱਤਰ- ਸ਼ੀਤ ਊਸ਼ਣ ਖੇਤਰਾਂ ਦੀ ਜਲਵਾਯੂ ਨਾ ਬਹੁਤੀ ਗਰਮ ਹੁੰਦੀ ਹੈ ਨਾ ਬਹੁਤ ਠੰਢੀ ।ਇਹ ਸਮਕਾਰੀ ਜਲਵਾਯੂ ਹੁੰਦੀ ਹੈ ।

**ਪ੍ਰਸ਼ਨ- 5. ਊਠ ਨੂੰ ਮਾਰੂਥਲ ਦਾ ਜਹਾਜ ਕਿਉਂ ਕਿਹਾ ਜਾਂਦਾ ਹੈ ?**

ਉੱਤਰ- ਰੇਤੀਲੇ ਮਾਰੂਥਲਾਂ ਵਿੱਚ ਊਠ ਆਵਾਜਾਈ ਦਾ ਪ੍ਰਮੁੱਖ ਸਾਧਨ ਹੈ ।ਊਠ ਆਪਣੇ ਪੇਟ ਵਿੱਚ ਪਾਣੀ ਜਮਾਂ ਕਰਕੇ ਕਈ ਕਈ ਦਿਨ ਤੱਕ ਸਫਰ ਕਰ ਸਕਦਾ ਹੈ ।ਇਸ ਲਈ ਊਠ ਨੂੰ ਮਾਰੂਥਲ ਦਾ ਜਹਾਜ ਕਿਹਾ ਜਾਂਦਾ ਹੈ ।

**ਪ੍ਰਸ਼ਨ- 6. ਲੱਦਾਖ ਵਿੱਚ ਵਹਿੰਦੇ ਦਰਿਆਵਾਂ ਦੇ ਨਾਂ ਲਿਖੋ ।**

ਉੱਤਰ- ਸਿੰਧ ਨਦੀ, ਨੁਬਰਾ, ਸ਼ਿਊਕ, ਸੁਰੂ ਅਤੇ ਜਾਂਸਕਰ ।

**ਪ੍ਰਸ਼ਨ- 7. ਨਖਲਿਸਤਾਨ ਤੋਂ ਕੀ ਭਾਵ ਹੈ ?**

ਉੱਤਰ- ਮਾਰੂਥਲਾਂ ਵਿੱਚ ਜਲ ਦੇ ਸੋਮੇ ਵਾਲੀ ਥਾਂ ਨੂੰ ਨਖਲਿਸਤਾਨ ਆਖਦੇ ਹਨ ।ਇੱਥੇ ਪਾਣੀ ਹੋਣ ਕਾਰਨ ਹਰਿਆਲੀ ਹੁੰਦੀ ਹੈ ।

**ਪ੍ਰਸ਼ਨ- 8. ਮਾਰੂਥਲ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿਓ ।**

ਉੱਤਰ- ਮਾਰੂਥਲਾਂ ਵਿੱਚ ਨਾ-ਮਾਤਰ ਜਾਂ ਬਹੁਤ ਘੱਟ ਵਰਖਾ ਹੁੰਦੀ ਹੈ । ਪਾਣੀ ਦੀ ਘਾਟ ਹੋਣ ਕਾਰਨ ਇੱਥੇ ਖੇਤੀ ਅਤੇ ਰੁੱਖ-ਪੌਦੇ ਨਹੀਂ ਹੁੰਦੇ।ਗਰਮੀਆਂ ਵਿੱਚ ਦਿਨ ਵੇਲੇ ਬਹੁਤ ਜਿਆਦਾ ਗਰਮੀਂ ਹੁੰਦੀ ਹੈ ਪ੍ਰੰਤੂ ਰਾਤ ਸੁਹਾਵਣੀ ਹੁੰਦੀ ਹੈ ।ਇੱਥੇ ਧੂੜ ਭਰੀਆਂ ਹਨੇਰੀਆਂ ਚਲਦੀਆਂ ਹਨ ।ਮਾਰੂਥਲਾਂ ਨੇ ਧਰਤੀ ਦੇ ਧਰਤ ਭਾਗ ਦਾ 1/7 ਭਾਗ ਮੱਲਿਆ ਹੋਇਆ ਹੈ ।

**ਪ੍ਰਸ਼ਨ- 9. ਗਰਮ ਮਾਰੂਥਲ ਸਹਾਰਾ ਦੀ ਬਨਸਪਤੀ ਬਾਰੇ ਲਿਖੋ ।**

ਉੱਤਰ- ਸਹਾਰਾ ਮਾਰੂਥਲ ਅਫਰੀਕਾ ਵਿੱਚ ਹੈ।ਇਸਦਾ ਜਲਵਾਯੂ ਬਹੁਤ ਹੀ ਗਰਮ ਅਤੇ ਖੁਸ਼ਕ ਹੈ ।ਇੱਥੇ ਬਨਸਪਤੀ ਬਹੁਤ ਹੀ ਘੱਟ ਹੁੰਦੀ ਹੈ ।ਜਿਹੜੇ ਸਥਾਨਾਂ ਤੇ ਕੁਝ ਪਾਣੀ ਹੁੰਦਾ ਹੈ ਉੱਥੇ ਕੰਡਿਆਲੇ ਪੌਦੇ (ਕੈਕਟਸ),ਖਜੂਰ ਅਤੇ ਪਾਮ ਦੇ ਦਰੱਖਤ ਹੁੰਦੇ ਹਨ ।

Harbans Gorknath

ਖਜੂਰ ਸਹਾਰਾ ਮਾਰੂਥਲ ਦਾ ਮੁੱਖ ਦਰੱਖਤ ਹੈ ।ਖਜੂਰਾਂ ਨੂੰ ਮਨੁੱਖ ਅਤੇ ਪਸ਼ੂ ਦੋਵੇਂ ਖਾਂਦੇ ਹਨ।ਇਹਨਾਂ ਦੇ ਪੱਤੇ ਪਸ਼ੂਆਂ ਦੇ ਚਾਰੇ ਅਤੇ ਬਾਲਣ ਲਈ ਵਰਤੇ ਜਾਂਦੇ ਹਨ।

**ਪ੍ਰਸ਼ਨ-10. ਗੰਗਾ ਬ੍ਰਹਮਪੁੱਤਰ ਮੈਦਾਨਾਂ ਵਿੱਚ ਜਲਵਾਯੂ ਕਿਸ ਪ੍ਰਕਾਰ ਦੀ ਹੁੰਦੀ ਹੈ ?ਇੱਥੇ ਉਗਾਈਆਂ ਜਾਣ ਵਾਲੀਆਂ ਪ੍ਰਮੁੱਖਫਸਲਾਂ ਬਾਰੇ ਜਾਣਕਾਰੀ ਦਿਓ ।**

ਉੱਤਰ- ਗੰਗਾ-ਬ੍ਰਹਮਪੁੱਤਰ ਮੈਦਾਨ ਦੀ ਜਲੋੜ ਮਿੱਟੀ ਬਹੁਤ ਉਪਜਾਊ ਹੈ ।ਇਸ ਮੈਦਾਨ ਵਿੱਚ ਚਾਵਲ, ਕਣਕ, ਗੰਨਾ ਤੇਲ ਕੱਢਣ ਵਾਲੇ ਬੀਜ, ਛੋਲੇ, ਪਟਸਨ ਅਤੇ ਚਾਹ ਦੀ ਬਹੁਤ ਪੈਦਾਵਾਰ ਹੁੰਦੀ ਹੈ। ਇੱਥੇ ਵਰਖਾ ਦੇ ਨਾਲ ਨਾਲ ਸਿੰਚਾਈ ਦੀ ਸਹੂਲਤ ਵੀ ਹੈ ।

**ਪ੍ਰਸ਼ਨ-11. ਅਮੇਜ਼ਨ ਬੇਸਿਨ ਦਾ ਵਿਸਥਾਰ ਕਿੱਥੋਂ ਤੱਕ ਹੈ ? ਇਸ ਵਿਚਲੀ ਬਨਸਪਤੀ ਅਤੇ ਪ੍ਰਮੁੱਖ ਫਸਲਾਂ ਦੀ ਜਾਣਕਾਰੀ ਦਿਓ ।**

ਉੱਤਰ- ਅਮੇਜ਼ਨ ਬੇਸਿਨ ਜਾਂ ਘਾਟੀ ਦੱਖਣੀ ਅਮਰੀਕਾ ਦਾ ਪੱਧਰਾ ਨੀਵਾਂ ਮੈਦਾਨ ਹੈ ਜੋ ਕਿ ਅਮੇਜ਼ਨ ਦਰਿਆ ਦੁਆਰਾ ਲਿਆਂਦੀ ਉਪਜਾਊ ਮਿੱਟੀ ਤੋਂ ਬਣਿਆ ਹੈ ।ਅਮੇਜ਼ਨ ਦਰਿਆ ਨੀਲ ਦਰਿਆ ਤੋਂ ਬਾਅਦ ਸੰਸਾਰ ਦਾ ਦੂਜਾ ਵੱਡਾ ਦਰਿਆ ਹੈ। ਅਮੇਜ਼ਨ ਘਾਟੀ ਵਿੱਚ ਛਤਰੀਨੁਮਾ ਵਰਖਾ ਜੰਗਲ ਪਾਏ ਜਾਂਦੇ ਹਨ ।ਇਹਨਾਂ ਦੀਆਂ ਟਹਿਣੀਆਂ ਆਪਸ ਵਿੱਚ ਫਸੀਆਂ ਹੁੰਦੀਆਂ ਹਨ।ਇਸ ਘਾਟੀ ਵਿੱਚ ਮੱਕੀ ਅਤੇ ਮੋਟੇ ਅਨਾਜ ਪੈਦਾ ਹੁੰਦੇ ਹਨ ।

**ਪ੍ਰਸ਼ਨ- 12. ਪ੍ਰੈਅਰੀਜ਼ ਘਾਹ ਦੇ ਮੈਦਾਨਾਂ ਬਾਰੇ ਸੰਖੇਪ ਜਾਣਕਾਰੀ ਦਿਓ ।ਰੇਲ ਮਾਰਗਾਂ ਨੇ ਇਸ ਮੈਦਾਨ ਦੀ ਉੱਨਤੀ ਵਿੱਚ ਕੀ ਯੋਗਦਾਨ ਪਾਇਆ ਹੈ ?**

ਉੱਤਰ- ਪ੍ਰੈਅਰੀਜ਼ ਉੱਤਰੀ ਅਮਰੀਕਾ ਦੇ ਘਾਹ ਦੇ ਮੈਦਾਨ ਹਨ ।ਇੰਨ੍ਹਾਂ ਦਾ ਜਿਆਦਾ ਭਾਗ ਅਮਰੀਕਾ ਅਤੇ ਕੈਨੇਡਾ ਵਿੱਚ ਫੈਲਿਆ ਹੋਇਆ ਹੈ ।ਇੰਨ੍ਹਾਂ ਦੇ ਜਿਆਦਾ ਭਾਗਾਂ ਵਿੱਚ ਰੁੱਖ ਨਹੀਂ ਹਨ ।ਜਿੱਥੇ-ਕਿਤੇ ਨੀਵੇਂ ਖੇਤਰ ਹਨ ਉੱਥੇ ਦਰਿਆਵਾਂ ਦੀਆਂ ਘਾਟੀਆ ਵਿੱਚ ਦਰਖਤ ਪਾਏ ਜਾਂਦੇ ਹਨ ।ਇਨ੍ਹਾਂ ਮੈਦਾਨਾਂ ਦੀ ਘਾਹ ਵੀ ਦੋ ਮੀਟਰ ਉੱਚੀ ਹੁੰਦੀ ਹੈ ।ਇੰਨਾਂ ਮੈਦਾਨਾਂ ਦੀ ਉੱਨਤੀ ਵਿੱਚ ਰੇਲ ਮਾਰਗਾਂ ਦਾ ਬਹੁਤ ਯੋਗਦਾਨ ਹੈ ।ਪਹਿਲਾਂ ਇੱਥੇ ਰੇਲਵੇ ਲਾਈਨਾ ਬਣੀਆਂ ਫਿਰ ਕਸਬੇ ਅਤੇ ਸ਼ਹਿਰ ਵਿਕਸਿਤ ਹੋਏ।

**ਪ੍ਰਸ਼ਨ-13. ਸਹਾਰਾ ਮਾਰੂਥਲ ਦੀ ਬਨਸਪਤੀ ਅਤੇ ਜੀਵ-ਜੰਤੂਆਂ ਬਾਰੇ ਲਿਖੋ।**

ਉੱਤਰ- ਸਹਾਰਾ ਮਾਰੂਥਲ ਵਿੱਚ ਪਾਣੀ ਦੀ ਬਹੁਤ ਘਾਟ ਹੈ। ਇੱਥੇ ਜੀਵ-ਜੰਤੂਆਂ ਅਤੇ ਪੌਦਿਆਂ ਨੇ ਆਪਣੇ ਆਪ ਨੂੰ ਵਾਤਾਵਰਨ ਦੇ ਅਨੁਸਾਰ ਢਾਲ ਲਿਆ ਹੈ ।ਇੱਥੋਂ ਦੀ ਬਨਸਪਤੀ ਦੀਆਂ ਜੜ੍ਹਾਂ ਲੰਬੀਆਂ ਹੁੰਦੀਆਂ ਹਨ ਤਾਂ ਜੋ ਧਰਤੀ ਦੀ ਡੂੰਘਾਈ ਤੋਂ ਪਾਣੀ ਪ੍ਰਾਪਤ ਕੀਤਾ ਜਾ ਸਕੇ। ਵਾਸ਼ਪ ਉਤਸਰਜਨ ਨੂੰ ਘੱਟ ਕਰਨ ਲਈ ਦਰਖਤਾਂ ਦੇ ਪੱਤੇ ਬਾਰੀਕ ਜਾਂ ਕੰਡਿਆਲੇ ਹੁੰਦੇ ਹਨ ।ਊਠ ਇੱਥੋਂ ਦਾ ਮੁੱਖ ਜਾਨਵਰ ਹੈ। ਉਹ ਕਈ ਕਈ ਦਿਨ ਭੋਜਨ ਅਤੇ ਪਾਣੀ ਤੋਂ ਬਿਨਾ ਰਹਿ ਸਕਦਾ ਹੈ। ਕੁਝ ਦੂਸਰੇ ਮਾਸਾਹਾਰੀ ਜਾਨਵਰ ਆਪਣੇ ਖਾਣੇ ਤੋਂ ਹੀ ਪਾਣੀ ਦੀ ਜਰੂਰਤ ਪੂਰੀ ਕਰ ਲੈਂਦੇ ਹਨ ।

**ਪ੍ਰਸ਼ਨ-14.ਲੱਦਾਖ ਨੂੰ ਚੰਨ-ਧਰਤੀ ਕਿਉਂ ਕਿਹਾ ਜਾਂਦ ਹੈ ?**

ਉੱਤਰ- ਲੱਦਾਖ ਸੰਸਾਰ ਦੇ ਸਭ ਤੋਂ ਠੰਢੇ ਖੇਤਰਾਂ ਵਿੱਚੋਂ ਇੱਕ ਹੈ। ਇਹ ਸਾਲ ਦੇ 6 ਮਹੀਨੇ ਬਰਫਬਾਰੀ ਕਰਕੇ ਬਾਕੀ ਸਾਰੇ ਭਾਰਤ ਤੋਂ ਕਟਿਆ ਰਹਿੰਦਾ ਹੈ ।ਅਜਿਹੇ ਮੌਸਮ ਕਰਕੇ ਇੱਥੇ ਲੋਕਾਂ ਦਾ ਰਹਿਣਾ ਔਖਾ ਹੈ। ਇੱਥੇ ਵੀ ਬਰਫ ਜੰਮੇ ਹੋਣ ਕਾਰਨ ਪਾਣੀ ਦੀ ਘਾਟ ਰਹਿੰਦੀ ਹੈ।ਗਰਮੀਆ ਵਿੱਚ ਜਦੋਂ ਬਰਫ ਪਿਘਲਦੀ ਹੈ ਤਾਂ ਸੇਬ, ਅਖਰੋਟ, ਖੁਰਮਾਨੀ ਆਦਿ ਉਗਾਏ ਜਾਂਦੇ ਹਨ ।ਇੱਥੇ ਪਚੁੰਚਣਾ ਔਖਾ ਹੋਣ ਕਰਕੇ ਹੀ ਇਸਨੂੰ ਚੰਨ ਧਰਤੀ ਕਿਹਾ ਜਾਂਦਾ ਹੈ।

**ਪ੍ਰਸ਼ਨ-15. ਅਫਰੀਕਾ ਦੇ ਵੈਲਡ ਦੇ ਮੈਦਾਨਾਂ ਬਾਰੇ ਜਾਣਕਾਰੀ ਦਿਓ।**

ਉੱਤਰ- ਵੈਲਡ ਦੱਖਣੀ ਅਫਰੀਕਾ ਦਾ ਵਿਸ਼ਾਲ ਘਾਹ ਦਾ ਮੈਦਾਨ ਹੈ ।ਮਹਾਂਦੀਪਾਂ ਦੇ ਅੰਦਰੂਨੀ ਭਾਗਾਂ ਵਿੱਚ ਹੋਣ ਕਾਰਨ ਨਮੀਂ ਭਰੀਆਂ ਪੌਣਾਂ ਇਨ੍ਹਾਂ ਤੱਕ ਨਹੀਂ ਪਹੁੰਚਦੀਆਂ ।ਇਸ ਕਰਕੇ ਇਹ ਖੇਤਰ ਖੁਸ਼ਕ ਖੇਤਰ ਕਰਕੇ ਜਾਣੇ ਜਾਂਦੇ ਹਨ। ਉੱਚੇ ਪਠਾਰਾਂ ਤੇ ਸਥਿੱਤ ਘਾਹ ਦੇ ਮੈਦਾਨਾਂ ਨੂੰ ਉੱਚੇ ਵੈਲਡ ਕਹਿੰਦੇ ਹਨ।

## ਪਾਠ-20

Harbans Gorkhnath

# 18 ਵੀਂ ਸਦੀ ਵਿੱਚ ਭਾਰਤ

**ਪ੍ਰਸ਼ਨ–1. 18 ਵੀਂ ਸਦੀ ਵਿੱਚ ਸਥਾਪਿਤ ਹੋਈਆਂ ਕਿਸੇ ਚਾਰ ਖੇਤਰੀ ਤਾਕਤਾਂ ਦੇ ਨਾਂ ਲਿਖੋ ।**

ਉੱਤਰ– 1. ਮਰਾਠੇ 2.ਹੈਦਰਾਬਾਦ ਦੇ ਨਿਜ਼ਾਮ 3. ਮੈਸੂਰ ਵਿੱਚ ਹੈਦਰ ਅਲੀ ਅਤੇ ਟੀਪੂ ਸੁਲਤਾਨ 4. ਬੰਗਾਲ ਦਾ ਰਾਜ ।

**ਪ੍ਰਸ਼ਨ–2. ਉੱਤਰਕਾਲੀਨ ਮੁਗਲਾਂ ਦੀ ਸੂਚੀ ਬਣਾਓ ।**

ਉੱਤਰ– ਬਹਾਦਰ ਸ਼ਾਹ , ਜਹਾਂਦਾਰ ਸ਼ਾਹ, ਫਰਖੁਸੀਅਰ , ਮੁਹੰਮਦ ਸ਼ਾਹ ਅਤੇ ਬਹਾਦਰ ਸ਼ਾਹ ਜ਼ਫਰ ।

**ਪ੍ਰਸ਼ਨ–3. 18 ਵੀਂ ਸਦੀ ਵਿੱਚ ਅਵਧ ਦੇ ਉੱਥਾਨ ਦਾ ਸੰਖੇਪ ਵਰਨਣ ਕਰੋ ।**

ਉੱਤਰ– ਸ਼ਆਦਤ ਖਾਂ ਨੇ ਅਵਧ ਦਾ ਸੁਤੰਤਰ ਰਾਜ ਸਥਾਪਿਤ ਕੀਤਾ ।ਉਸਨੇ ਖੇਤੀਬਾੜੀ ਦਾ ਬਹੁਤ ਵਿਕਾਸ ਕੀਤਾ ।ਉਸਦੀ ਮੌਤ ਤੋਂ ਬਾਅਦ ਸਫਦਰ ਜੰਗ, ਸ਼ੁਜਾਉਦੌਲਾ ਅਤੇ ਆਸਫਉਦੌਲਾ ਨੇ ਅਵਧ ਵਿੱਚ ਰਾਜ ਕੀਤਾ। ਅੰਗਰੇਜ਼ਾਂ ਨੇ ਆਸਫਉਦੌਲਾ ਨਾਲ ਸੰਧੀ ਕਰਕੇ ਅੰਗਰੇਜੀ ਸੈਨਾ ਨੂੰ ਅਵਧ ਵਿੱਚ ਸਥਾਪਿਤ ਕਰ ਦਿੱਤਾ ।

**ਪ੍ਰਸ਼ਨ–4. 18 ਵੀਂ ਸਦੀ ਵਿੱਚ ਸਿੱਖ ਕਿਸ ਤਰ੍ਹਾਂ ਸ਼ਕਤੀਸ਼ਾਲੀ ਬਣੇ ?**

ਉੱਤਰ– ਮੁਗਲਾਂ ਨੇ ਸਿੱਖਾਂ ਤੇ ਬਹੁਤ ਅੱਤਿਆਚਾਰ ਕੀਤੇ ਸਨ ।ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿੱਚ ਖਾਲਸਾ ਪੰਥ ਦੀ ਸ਼ਥਾਪਨਾ ਕੀਤੀ । ਸਿੱਖਾਂ ਅਤੇ ਮੁਗਲਾਂ ਵਿਚਕਾਰ ਕਈ ਲੜਾਈਆਂ ਹੋਈਆਂ ।ਗੁਰੂ ਗੋਬਿੰਦ ਸਿੰਘ ਜੀ ਦੇ 1708 ਵਿੱਚ ਜੋਤੀ-ਜੋਤ ਸਮਾਉਣ ਤੋਂ ਬਾਅਦ ਬੰਦਾ ਬਹਾਦਰ ਨੇ ਸਿੱਖਾਂ ਦੀ ਅਗਵਾਈ ਕੀਤੀ। ਉਸ ਨੇ ਕਰਨਾਲ, ਪਾਨੀਪਤ, ਅੰਮ੍ਰਿਤਸਰ,ਗੁਰਦਾਸਪੁਰ ਆਦਿ ਸਥਾਨਾਂ ਦੀ ਜਿੱਤ ਪ੍ਰਾਪਤ ਕੀਤੀ ।1716 ਵਿੱਚ ਬੰਦਾ ਬਹਾਦਰ ਨੂੰ ਸ਼ਹੀਦ ਕਰ ਦਿੱਤਾ ਗਿਆ ।ਇਸ ਤੋਂ ਬਾਅਦ ਮਹਾਂਰਾਜਾ ਰਣਜੀਤ ਸਿੰਘ ਨੇ ਸਾਰੀਆਂ ਮਿਸਲਾਂ ਨੂੰ ਇਕੱਠਾ ਕਰਕੇ ਪੰਜਾਬ ਵਿੱਚ ਸੁਤੰਤਰ ਰਾਜ ਦੀ ਸਥਾਪਨਾ ਕੀਤੀ ।

**ਪ੍ਰਸ਼ਨ–5. ਹੈਦਰ ਅਲੀ ਅਤੇ ਟੀਪੂ ਸੁਲਤਾਨ ਨੇ ਮੈਸੂਰ ਨੂੰ ਕਿਵੇਂ ਇੱਕ ਤਾਕਤਵਰ ਰਾਜ ਬਣਾਇਆ ?**

ਉੱਤਰ– ਹੈਦਰ ਅਲੀ ਅਤੇ ਟੀਪੂ ਸੁਲਤਾਨ ਨੇ ਅੰਗਰੇਜ਼ਾ ਨਾਲ ਜਬਰਦਸਤ ਟੱਕਰ ਲਈ ।ਹੈਦਰ ਅਲੀ ਨੇ ਬਹੁਤ ਸਾਰੇ ਖੇਤਰਾਂ ਨੂੰ ਜਿੱਤ ਕੇ ਮੈਸੂਰ ਨੂੰ ਇੱਕ ਸ਼ਕਤੀਸ਼ਾਲੀ ਰਾਜ ਬਣਾਇਆ।ਉਸ ਨੇ ਅੰਗਰੇਜਾਂ ਨੂੰ ਪਹਿਲੇ ਯੁੱਧ ਵਿੱਚ ਬੁਰੀ ਤਰਾਂ ਹਰਾਇਆ। ਦੂਸਰੇ ਯੁੱਧ ਵਿੱਚ ਉਸਦੀ ਮੌਤ ਤੋਂ ਬਾਅਦ ਉਸਦਾ ਪੁੱਤਰ ਟੀਪੂ ਸੁਲਤਾਨ ਮੈਸੂਰ ਦਾ ਸ਼ਾਸ਼ਕ ਬਣਿਆ। ਉਸ ਨੂੰ 'ਮੈਸੂਰ ਦਾ ਟਾਈਗਰ' ਕਿਹਾ ਜਾਂਦਾ ਸੀ। ਉਹ ਇੱਕ ਮਹਾਨ ਦੇਸ਼ ਭਗਤ ਸੀ ।ਉਸਨੇ ਰਾਜ ਵਿੱਚ ਉਦਯੋਗ ਅਤੇ ਵਪਾਰ ਨੂੰ ਉੱਨਤ ਕੀਤਾ ।ਉਹ ਅੰਗਰੇਜ਼ਾਂ ਨਾਲ ਮੈਸੂਰ ਦੇ ਚੋਥੇ ਯੁੱਧ ਵਿੱਚ ਲੜਦੇ ਹੋਏ ਮਾਰਿਆ ਗਿਆ ।

**ਪ੍ਰਸ਼ਨ–6. ਸ਼ਿਵਾਜੀ ਨੇ ਮਰਾਠਾ ਸਾਮਰਾਜ ਦੀ ਸਥਾਪਨਾ ਕਰਨ ਵਿੱਚ ਕੀ ਰੋਲ ਅਦਾ ਕੀਤਾ ?**

ਉੱਤਰ– ਸ਼ਿਵਾਜੀ ਇੱਕ ਮਹਾਨ ਦੇਸ਼ ਭਗਤ ਸਨ। ਉਹ ਭਾਰਤ ਵਿੱਚ ਮੁਗਲਾਂ ਦੇ ਅੱਤਿਆਚਾਰੀ ਸ਼ਾਸਨ ਨੂੰ ਖਤਮ ਕਰਕੇ ਸੁਤੰਤਰ ਹਿੰਦੂ ਰਾਜ ਦੀ ਸਥਾਪਨਾ ਕਰਨਾ ਚਾਹੁੰਦੇ ਸਨ ।ਉਨ੍ਹਾਂ ਨੇ ਮੁਗਲਾਂ ਨਾਲ ਲੜਾਈਆਂ ਲੜ੍ਹ ਕੇ ਸੁਤੰਤਰ ਮਰਾਠਾ ਰਾਜ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਛੱਤਰਪਤੀ ਦੀ ਉਪਾਧੀ ਧਾਰਨ ਕੀਤੀ ।ਸ਼ਿਵਾਜੀ ਨੇ ਸਿੰਘਗੜ੍ਹ, ਪੁਰੰਧਰ, ਕੋਂਕਣ ਆਦਿ ਕਿਲਿਆਂ ਤੇ ਅਧਿਕਾਰ ਜਮਾਂ ਲਿਆ। 1680 ਈ: ਵਿੱਚ ਉਨ੍ਹਾਂ ਦੀ ਮੌਤ ਹੋ ਗਈ ।

**ਖਾਲੀ ਥਾਂਵਾਂ ਭਰੋ:–**

1) 1719 ਤੋਂ 1748 ਈ: 2) ਬੰਗਾਲ ਅਤੇ ਉੜੀਸਾ 3) ਮੈਸੂਰ 4) 1722 5) ਮਰਾਠਾ 6) ਜਾਟਾਂ 7) ਲਛਮਣ ਦਾਸ

**ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ:–**

1. (√) 2. (X) 3. (√) 4. (X) 5. (√) 6. (X) 7. (√)

**ਹੇਠ ਲਿਖਿਆਂ ਦੇ ਸਹੀ ਜੋੜੇ ਬਣਾਓ :–**

ਉੱਤਰ– 1) ਬਹਾਦਰ ਸ਼ਾਹ ਦੀ ੲ) 1712 ਈ: ਵਿੱਚ ਮੌਤ ਹੋ ਗਈ ।

Harbans Gorkhnath

| | |
|---|---|
| 2) ਸ਼ੁਜਾਉਦੀਨ ਦੀ | ੳ) 1739 ਈ: ਵਿੱਚ ਮੌਤ ਹੋ ਗਈ । |
| 3) ਹੈਦਰ ਅਲੀ ਦੀ | ਹ) 1782 ਈ: ਵਿੱਚ ਮੌਤ ਹੋ ਗਈ । |
| 4) ਟੀਪੂ ਸੁਲਤਾਨ ਨੂੰ | ਸ) ਮੈਸੂਰ ਦਾ ਟਾਈਗਰ ਕਿਹਾ ਜਾਂਦਾ ਸੀ । |
| 5) ਸ਼ਿਵਾਜੀ ਦਾ ਜਨਮ | ਅ ) 20 ਅਪ੍ਰੈਲ 1627 ਈ: ਵਿੱਚ ਹੋਇਆ । |
| 6) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ | ਖ) 1699 ਈ: ਵਿੱਚ ਖਾਲਸਾ ਪੰਥ ਦੀ ਸਿਰਜਨਾ ਕੀਤੀ । |
| 7) ਬੰਦਾ ਸਿੰਘ ਬਹਾਦਰ ਦਾ ਜਨਮ | ਕ) 27 ਅਕਤੂਬਰ 1670 ਈ: ਵਿੱਚ ਹੋਇਆ । |

Harbans Gorkhnath